ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ

ਜਿਲਦ : 119 | ਅੰਕ : 117 | ਅਪ੍ਰੈਲ 2023 | ਭੇਟਾ - 10/- ਰੁਪੈ

## ਦੀਵਾਨ ਵਲੋਂ ਸਾਲ 2023-24 ਲਈ 157 ਕਰੋੜ 35 ਲੱਖ ਦਾ ਬਜਟ ਪਾਸ

### ਦੀਵਾਨ ਦੀਆਂ ਸੰਸਥਾਵਾਂ ਦੇ ਵਿਕਾਸ ਲਈ ਪਿਛਲੇ ਸਾਲ ਨਾਲੋ 32 ਪ੍ਰਤੀਸ਼ਤ ਰਕਮ ਵਧਾਈ - ਡਾ. ਨਿੱਜਰ

### ਸੰਸਥਾਵਾਂ ਦੇ ਪ੍ਰਵੇਸ਼ ਦੁਆਰਾਂ ਦੇ ਬੋਰਡ, ਪੈਂਤੀ ਅੱਖਰੀ ਤੇ ਗਿਣਤੀ ਗੁਰਮੁਖੀ ਵਿਚ ਵੀ ਲਗਾਏ ਜਾਣਗੇ।

### ਭਾਈ ਵੀਰ ਸਿੰਘ ਸਾਹਿੱਤ ਅਧਿਐਨ ਕੇਂਦਰ ਦੀ ਸਥਾਪਨਾ ਲਈ 10 ਲੱਖ ਰੁਪਏ ਰੱਖੇ ਰਾਖਵੇਂ

### ਆਦਰਸ਼ ਸਕੂਲਾਂ ਨੂੰ 1 ਕਰੋੜ 52 ਲੱਖ ਦੀ ਗਰਾਂਟ ਅਤੇ ਧਰਮ ਪ੍ਰਚਾਰ ਲਈ 44 ਲੱਖ ਰੁਪਏ





ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਤ ਸਮੂਹ ਸਕੂਲਾਂ, ਕਾਲਜਾਂ, ਅਦਾਰਿਆਂ ਆਦਿ ਦਾ ਸਾਲ 2023-24 ਦਾ ਬਜਟ ਪੇਸ਼ ਕਰਨ ਅਤੇ ਹੋਰ ਏਜੰਡੇ ਵਿਚਾਰਣ ਅਤੇ ਪ੍ਰਵਾਨ ਕਰਵਾਉਣ ਸੰਬੰਧੀ ਪਹਿਲਾਂ ਕਾਰਜ ਸਾਧਕ ਕਮੇਟੀ ਵੱਲੋਂ ਉਪਰੰਤ ਜਨਰਲ ਹਾਊਸ ਦਾ ਇਜ਼ਲਾਸ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਕੀਤੀ। ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਪੜ੍ਹੇ ਗਏ ਏਜੰਡਿਆਂ ਤਹਿਤ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨੇ ਬਜਟ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਵਾਰ ਚੀਫ਼ ਖ਼ਾਲਸਾ ਦੀਵਾਨ ਦਾ ਸਾਲ 2023-24 ਲਈ ਅਨੁਮਾਨਤ ਬਜਟ 157 ਕਰੋੜ 35 ਲੱਖ ਰੁਪਏ ਰੱਖਿਆ ਗਿਆ ਹੈ। ਉਹਨਾਂ ਨੇ ਬਜਟ ਦੇ ਤੱਥਾਂ ਤੇ ਰੋਸ਼ਨੀ ਪਾਉਂਦਿਆਂ ਦਸਿਆ ਕਿ ਪਿਛਲੇ ਵਿੱਤੀ ਸਾਲ ਨਾਲੋ ਇਸ ਸਾਲ ਚੀਫ਼ ਖ਼ਾਲਸਾ ਦੀਵਾਨ ਦੀ ਕੁੱਲ ਆਮਦਨ ਵਿਚ 15 ਪ੍ਰਤੀਸ਼ਤ ਵਾਧਾ ਹੋਇਆ ਹੈ ਜਦ ਕਿ ਖਰਚਿਆਂ ਦੇ ਹਿਸਾਬ ਨਾਲ ਇਸ ਸਾਲ ਪਿਛਲੇ ਸਾਲ ਨਾਲੋ 32 ਪ੍ਰਤੀਸ਼ਤ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ। ਉਹਨਾਂ ਕਿਹਾ ਕਿ ਖਰਚ ਵਿਚ ਆਇਆ ਇਹ ਵਾਧਾ ਬਹੁਤ ਹੀ ਸਾਰਥਕ ਅਤੇ ਹਾਂ ਪੱਖੀ ਸੰਕੇਤ ਹੈ ਜੋ ਉਨਤੀ ਦੀਆਂ ਨਵੀਆਂ ਪੁਲਾਂਘਾ ਤੈਅ ਕਰਨ ਦਾ ਸੂਚਕ ਹੈ।

ਦੀਵਾਨ ਦੀ ਫਾਇਨਾਂਸ ਕਮੇਟੀ ਦੇ ਮੈਂਬਰ ਸ੍ਰ.ਅਜੀਤਪਾਲ ਸਿੰਘ ਅਨੇਜਾ ਨੇ ਬਜਟ ਦੀ ਵਿਸਥਾਰਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੀਵਾਨ ਦੇ ਬਜਟ 2023-2024 ਵਿੱਚ ਨਵੇਂ ਸੀ.ਕੇ.ਡੀ ਸਕੂਲ ਖੋਲਣ ਹਿੱਤ ਜਮੀਨ ਖਰੀਦਣ, ਨਵੀਆਂ ਸਕੂਲ ਬਿਲਡਿੰਗਾਂ ਬਣਾਉਣ ਅਤੇ ਸਕੂਲਾਂ ਦੇ ਵਿਕਾਸ ਵਿਸਥਾਰ ਲਈ 38 ਕਰੋੜ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ ਜਿਸ ਤਹਿਤ ਪੁੱਡਾ ਪ੍ਰੋਜੈਕਟ (ਬਟਾਲਾ) ਵਿਖੇ ਨਵੇਂ ਸੀ.ਕੇ.ਡੀ ਸਕੂਲ ਦੀ ਉਸਾਰੀ, ਅਟਾਰੀ ਸਕੂਲ ਨੂੰ ਨਵੀਂ ਜਗ੍ਹਾਂ ਤੇ ਸਿਫਟ ਕਰਨ ਲਈ, ਹੁਸ਼ਿਆਰਪੁਰ ਅਤੇ ਆਸਲ ਉਤਾਰ (ਤਰਨਤਾਰਨ) ਸਕੂਲਾਂ ਦੇ ਨਾਲ ਲਗਦੀ ਜਮੀਨ ਖਰੀਦਣ ਅਤੇ ਬਿਲਡਿੰਗ ਉਸਾਰੀ ਲਈ, ਸੁਰ ਸਿੰਘ (ਤਰਨਤਾਰਨ) ਸੀ.ਕੇ.ਡੀ ਸਕੂਲ ਦੀ ਲੀਜ਼ ਤੇ ਲਈ ਜਮੀਨ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਨਾਮ ਤੇ ਤਬਦੀਲ ਕਰਨ ਲਈ ਵਰਤੀ ਜਾਵੇਗੀ। ਇਸ ਤੋ ਇਲਾਵਾ ਧਰਮ ਪ੍ਰਚਾਰ ਲਈ ਵਿਸ਼ੇਸ਼ ਤੌਰ ਤੇ 44 ਲੱਖ ਅਤੇ ਆਦਰਸ਼ ਸਕੂਲਾਂ ਲਈ ਮੁਫਤ ਕਿਤਾਬਾਂ, ਵਰਦੀਆਂ ਅਤੇ ਹੋਰਨਾਂ ਖਰਚਿਆਂ ਲਈ 1 ਕਰੋੜ 52 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਹੈ।





ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਰਾ ਵਲੋਂ ਸਾਂਝੇ ਤੌਰ ਤੇ ਦੱਸਿਆ ਗਿਆ ਕਿ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੇ ਸਕੂਲਾਂ ਵਿਚ ਸਿੱਖ ਮਨਿਓਰਟੀ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਲੋੜਵੰਦ ਵਿਦਿਆਰਥੀਆਂ ਨੂੰ ਆਰਥਿਕ ਪੱਖੋ ਸਹਾਇਤਾ ਮਿਲੇਗੀ। ਆਪ ਨੇ ਹਾਊਸ ਨੂੰ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਨ ਨੂੰ ਸਮਰਪਤ 67ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਸਮੇਂ ਦੀਵਾਨ ਦੇ ਪ੍ਰਧਾਨ ਮਾਨਯੋਗ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਭਾਈ ਵੀਰ ਸਿੰਘ ਸਾਹਿਤ ਅਧਿਐਨ ਕੇਂਦਰ ਸਥਾਪਤ ਕਰਨ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਵੀ ਬਜਟ ਵਿਚ 10 ਲੱਖ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

ਮੀਟਿੰਗ ਵਿਚ ਸਮੂਹ ਮੈਂਬਰ ਸਾਹਿਬਾਨ ਨੇ ਬਜਟ ਨੂੰ ਪ੍ਰਵਾਨਗੀ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਇਹ ਬਜਟ ਚੀਫ਼ ਖ਼ਾਲਸਾ ਦੀਵਾਨ ਦੀਆਂ ਭਵਿੱਖ ਦੀਆ ਲੋੜ੍ਹਾਂ ਅਤੇ ਉਮੀਦਾਂ ਤੇ ਪੂਰੀ ਤਰ੍ਹਾਂ ਖਰਾ ਉਤਰੇਗਾ।

ਮੀਟਿੰਗ ਦੌਰਾਨ ਬਿਲਡਿੰਗ ਕਮੇਟੀ ਦੇ ਕਨਵੀਨਰ ਸ੍ਰ.ਹਰਵਿੰਦਰਪਾਲ ਸਿੰਘ ਚੁੱਘ ਨੇ ਦੀਵਾਨ ਨੂੰ ਆਰਥਿਕ ਲਾਭ ਪਹੁੰਚਾਉਣ ਹਿੱਤ ਬਿਲਡਿੰਗ ਕਮੇਟੀ ਵਲੋਂ ਅਪਣਾਈ ਜਾ ਰਹੀ ਪਾਰਦਰਸ਼ੀ ਅਤੇ ਸੁਚਾਰੂ ਕਾਰਜ ਪ੍ਰਣਾਲੀ ਬਾਰੇ ਚਾਨਣਾ ਪਾਇਆ ਜਿਸ ਦੀ ਸਮੂਹ ਮੈਂਬਰ ਸਾਹਿਬਾਨ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਮੀਟਿੰਗ ਦੌਰਾਨ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਹਿੱਤ ਸਮੂਹ ਸੀ.ਕੇ.ਡੀ ਸਕੂਲਾਂ ਵਿਚ ਗੁਰਮੁੱਖੀ ਪੈਂਤੀ ਅਤੇ ਗਿਣਤੀ ਨੂੰ ਸਜਾਵਟੀ ਬੋਰਡ ਬਣਾ ਕੇ ਲਗਾਉਣ ਦਾ ਵੀ ਨਿਰਣਾ ਲਿਆ ਗਿਆ।

ਦੀਵਾਨ ਦੇ ਕੁੱਝ ਮੈਂਬਰ ਸਾਹਿਬਾਨ ਵੱਲੋਂ ਸ਼ੋਸ਼ਲ ਮੀਡੀਆ, ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਤੇ ਚੀਫ਼ ਖ਼ਾਲਸਾ ਦੀਵਾਨ ਵਿਰੁੱਧ ਕੂੜ ਪ੍ਰਚਾਰ ਕੀਤਾ ਗਿਆ ਸੀ ਜਿਸ ਤਹਿਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਜਨਰਲ ਹਾਊਸ ਵੱਲੋਂ ਉਹਨਾਂ ਮੈਂਬਰ ਸਾਹਿਬਾਨ ਪ੍ਰਤੀ ਯੋਗ ਕਾਰਵਾਈ ਕਰਨ ਦੇ ਅਖਤਿਆਰ ਦਿੱਤੇ ਗਏ ਸੀ। ਸੋ ਜਨਰਲ ਹਾਊਸ ਵਿਚ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕੂੜ ਪ੍ਰਚਾਰ ਕਰ ਰਹੇ ਮੈਂਬਰ ਸਾਹਿਬਾਨ ਦੀ ਮੁੱਢਲੀ ਮੈਂਬਰਸ਼ਿਪ ਰੱਦ ਕਰਨ ਦੀ ਕਾਰਵਾਈ ਬਾਬਤ ਜਾਣਕਾਰੀ ਸਾਂਝੀ ਕੀਤੀ ਗਈ।

ਸਮੂਹ ਮੈਂਬਰ ਸਾਹਿਬਾਨ ਵੱਲੋਂ ਪ੍ਰਧਾਨ ਡਾ.ਨਿੱਜਰ ਨੂੰ ਮੁੱਕਦਮੇ ਦਾ ਜੁਆਬ ਦਾਅਵਾ ਦੇਣ ਲਈ ਸਰਬ-ਸੰਮਤੀ ਨਾਲ ਅਧਿਕਾਰ ਦਿੱਤੇ ਗਏ ਸਨ ਜਿਸ ਤਹਿਤ ਦੀਵਾਨੀ ਦਾਅਵਿਆਂ, ਕਿਰਾਏ ਦੇ ਕੇਸਾਂ, ਅਜਰਾਅ ਵਾਲੇ ਤੇ ਫੁੱਟਕਲ ਮੁਕੱਦਮਿਆਂ ਆਦਿ ਲਈ ਦੀਵਾਨ ਦੇ ਮੈਂਬਰ ਡਾ.ਸੂਬਾ ਸਿੰਘ (ਐਲ.ਐਲ.ਬੀ) ਨੂੰ ਸਰਬ-ਸੰਮਤੀ ਨਾਲ ਅਧਿਕਾਰ ਦਿੱਤੇ ਗਏ।

ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਸਮੂਹ ਮੈਂਬਰ ਸਾਹਿਬਾਨ ਨੂੰ ਦੀਵਾਨ ਦੇ ਵਿਕਾਸ ਲਈ ਗਠਿਤ ਕਮੇਟੀਆਂ ਵਿਚ ਸਵੈ-ਇੱਛਾ ਨਾਲ ਸ਼ਾਮਲ ਹੋ ਕੇ ਸੇਵਾ ਕਰਨ ਲਈ ਸੱਦਾ ਦਿੱਤਾ।

ਜਨਰਲ ਹਾਊਸ ਦੀ ਇਸ ਮੀਟਿੰਗ ਵਿਚ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ:ਅਜੀਤ ਸਿੰਘ ਬਸਰਾ, ਸਰਪ੍ਰਸਤ ਰਾਜਮਹਿੰਦਰ ਸਿੰਘ ਮਜੀਠਾ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਸਕੱਤਰਾਂ ਵਿਚ ਸ਼ਾਮਲ ਸ੍ਰ.ਜਸਪਾਲ ਸਿੰਘ ਢਿੱਲੋਂ, ਸ੍ਰ.ਹਰਜੀਤ ਸਿੰਘ (ਤਰਨਤਾਰਨ) ਅਤੇ ਸ੍ਰ.ਸੁਖਦੇਵ ਸਿੰਘ ਮੱਤੇਵਾਲ, ਪ੍ਰਿੰਸੀਪਲ ਜਗਦੀਸ਼ ਸਿੰਘ, ਸ੍ਰ.ਮਨਮੋਹਨ ਸਿੰਘ, ਸ੍ਰ.ਕੁਲਦੀਪ ਸਿੰਘ ਮਜੀਠਾ, ਡਾ.ਬਲਵੰਤ ਸਿੰਘ ਢਿੱਲੋਂ, ਡਾ.ਤਰਵਿੰਦਰ ਸਿੰਘ ਚਾਹਲ, ਪ੍ਰੋ.ਸੂਬਾ ਸਿੰਘ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ, ਸ੍ਰ.ਅਜੀਤਪਾਲ ਸਿੰਘ ਅਨੇਜਾ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਹਰਿੰਦਰਪਾਲ ਸਿੰਘ ਸੇਠੀ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਅਮਰਦੀਪ ਸਿੰਘ ਮਰਵਾਹਾ, ਸ੍ਰ.ਜਸਪਾਲ ਸਿੰਘ (ਰਿਟਾ:) ਪੀ.ਸੀ.ਐਸ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਕੁਲਜੀਤ ਸਿੰਘ ਸਾਹਨੀ, ਸ੍ਰ.ਮਨਪ੍ਰੀਤ ਸਿੰਘ, ਸ੍ਰ.ਪ੍ਰਭਜੋਤ ਸਿੰਘ ਸੇਠੀ, ਸ੍ਰ.ਸੁਰਿੰਦਰ ਸਿੰਘ ਬਤਰਾ (ਲੁਧਿਆਣਾ) ਸ੍ਰ.ਰਬਿੰਦਰਬੀਰ ਸਿੰਘ ਭੱਲਾ, ਸ੍ਰ.ਉਪਕਾਰ ਸਿੰਘ ਛਾਬੜਾ ਆਦਿ 100 ਦੇ ਕਰੀਬ ਮੈਂਬਰਜ਼ ਸਾਹਿਬਾਨ ਹਾਜ਼ਰ ਹੋਏ।







# ਸੰਪਾਦਕੀ

## ਚੀਫ਼ ਖ਼ਾਲਸਾ ਦੀਵਾਨ ਦਾ ਸਾਲ 2023-24 ਦਾ ਉਸਾਰੂ ਬਜਟ
## ਭਾਈ ਵੀਰ ਸਿੰਘ ਸਾਹਿਤ ਅਧਿਐਨ ਕੇਂਦਰ ਦੀ ਸਥਾਪਨਾ

ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਨੇ ਆਪਣੇਂ ਸਬੰਧਤ ਵਿਦਿਅਕ, ਧਾਰਮਿਕ ਅਤੇ ਸਮਾਜਿਕ ਅਦਾਰਿਆਂ ਲਈ ਦੀਵਾਨ ਦੀ ਅੰਤ੍ਰਿੰਗ ਕਮੇਟੀ ਅਤੇ ਜਨਰਲ ਹਾਊਸ ਵੱਲੋਂ ਵਿਚਾਰਨ ਉਪਰੰਤ ਸਾਲ 2023-24 ਲਈ 157 ਕਰੋੜ 35 ਲੱਖ ਦਾ ਬਜਟ ਪਾਸ ਕਰ ਦਿੱਤਾ ਹੈ। ਪਾਸ ਕੀਤੇ ਗਏ ਇਸ ਬਜਟ ਬਾਰੇ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ. ਸਵਿੰਦਰ ਸਿੰਘ ਕੱਥੂਨੰਗਲ ਅਤੇ ਸ. ਅਜੀਤ ਸਿੰਘ ਬਸਰਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸਾਲ ਦੀਵਾਨ ਦੀ ਆਮਦਨ ਵਿੱਚ ਪਿਛਲੇ ਸਾਲ ਨਾਲੋਂ 15% ਵਾਧਾ ਹੋਇਆ ਹੈ ਜਿਸ ਕਰਕੇ ਦੀਵਾਨ ਨੇ ਆਪਣੀਆਂ ਸਮੂਹ ਸਬੰਧਤ ਸੰਸਥਾਵਾਂ ਦੇ ਵਿਕਾਸ ਕਾਰਜਾਂ ਲਈ 32% ਤੱਕ ਵਧੇਰੇ ਖਰਚ ਕਰਨ ਦਾ ਟੀਚਾ ਮਿਥਿਆ ਹੈ। ਉਹਨਾਂ ਕਿਹਾ ਕਿ ਆਮਦਨ ਅਤੇ ਖਰਚ ਵਿੱਚ ਇਹ ਵਾਧਾ ਜਿਥੇ ਬਹੁਤ ਹੀ ਸਾਰਥਕ ਤੇ ਹਾਂ-ਪੱਖੀ ਸੰਕੇਤ ਹੈ ਉਥੇ ਤਰੱਕੀ ਲਈ ਨਵੀਆਂ ਪੈੜਾਂ ਨਿਸਚਿਤ ਕਰਨ ਦਾ ਸੂਚਿਕ ਵੀ ਹੈ।

ਨਵੇਂ ਸਕੂਲ ਖੋਲ੍ਹਣ, ਜਮੀਨ ਖਰੀਦਣ ਆਦਿ ਲਈ 38 ਕਰੋੜ, ਆਦਰਸ਼ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ, ਵਰਦੀਆਂ ਆਦਿ ਦੇਣ ਲਈ ਡੇਢ ਕਰੋੜ ਅਤੇ ਧਰਮ ਪਰਚਾਰ ਲਈ 44 ਲੱਖ ਰੁਪੈ ਦੀ ਰਾਸ਼ੀ ਇਸ ਬਜਟ ਵਿਚ ਰੱਖੀ ਗਈ ਹੈ।

ਇਸ ਬਜਟ ਦੀ ਸਭ ਤੋਂ ਮਹੱਤਵ ਪੂਰਨ ਤੇ ਵਿਸ਼ੇਸ਼ ਮੱਦ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਨ ਨੂੰ ਸਮਰਪਤ 67ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫ਼ਰੰਸ ਸਮੇਂ ਪ੍ਰਧਾਨ ਸਾਹਿਬ ਡਾ. ਨਿੱਜਰ ਵੱਲੋਂ ਡਾਇਰੈਕਟੋਰੇਟ ਭਾਈ ਵੀਰ ਸਿੰਘ ਸਾਹਿਤ ਅਧਿਐਨ ਕੇਂਦਰ ਸਥਾਪਤ ਕਰਨ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ 10 ਲੱਖ ਰੁਪੈ ਖਰਚ ਕਰਨ ਦੀ ਬਜਟ ਵਿਚ ਰੱਖੀ ਗਈ ਰਾਖਵੀਂ ਰਾਸ਼ੀ ਹੈ।

ਭਾਈ ਵੀਰ ਸਿੰਘ ਜੀ ਜਿਥੇ ਵਿਸ਼ਵ ਪੱਧਰ ਦੇ ਸਥਾਪਤ ਬਹੁਪੱਖੀ ਵਿਦਵਾਨ ਸਨ ਉਥੇ ਚੀਫ਼ ਖ਼ਾਲਸਾ ਦੀਵਾਨ ਨੂੰ ਸਥਾਪਤ ਕਰਨ ਵਾਲੇ ਅਨਮੋਲ ਰਤਨ ਵੀ ਸਨ ਇਸ ਲਈ ਉਹਨਾਂ ਦੇ ਜੀਵਨ, ਰਚਨਾਵਾਂ ਤੇ ਸੰਦੇਸ਼ਾਂ ਨੂੰ ਪ੍ਰਸਾਰਨ ਤੇ ਪ੍ਰਚਾਰਣ ਲਈ ਖੋਜ਼ ਕਾਰਜਾਂ ਲਈ ਇਹ ਭਾਈ ਵੀਰ ਸਿੰਘ ਸਾਹਿਤ ਅਧਿਐਨ ਕੇਂਦਰ ਨਿੱਗਰ ਭੂਮਿਕਾ ਨਿਭਾਏਗਾ। ਇਸੇ ਤਰ੍ਹਾਂ ਪੁੱਡਾ ਵੱਲੋਂ ਪ੍ਰਾਪਤ ਕੀਤੀ ਜਮੀਨ ਤੇ ਖੋਲਿਆ ਜਾ ਰਿਹਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵੀ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਨ ਨੂੰ ਸਮਰਪਤ ਕੀਤਾ ਗਿਆ ਹੈ।

ਮੈਂ ਸਮਝਦਾ ਹਾਂ ਕਿ ਦੀਵਾਨ ਦੇ ਬਜਟ ਵਿਚ ਰਖੀਆਂ ਇਹ ਦੋਵੇ ਮੱਦਾਂ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਨ ਨੂੰ ਸੱਚੀ ਤੇ ਯਾਦਗਾਰੀ ਸ਼ਰਧਾਂਜਲੀ ਹੈ ਜੋ ਸਦੀਵਕਾਲੀ ਯਾਦ ਬਣੀ ਰਹੇਗੀ। ਇਸ ਉਤਮ ਕਾਰਜ ਲਈ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਉਹਨਾਂ ਦੇ ਟੀਮ ਦੇ ਸਮੂਹ ਅਹੁੱਦੇਦਾਰ ਸਮੁੱਚੇ ਪੰਜਾਬੀ ਜਗਤ ਵੱਲੋਂ ਵਧਾਈ ਦੇ ਹੱਕਦਾਰ ਹਨ।

**ਜਸਬੀਰ ਸਿੰਘ ਸਾਬਰ**
ਮੁੱਖ ਸੰਪਾਦਕ


**ਸਰਪ੍ਰਸਤ: ਡਾ ਇੰਦਰਬੀਰ ਸਿੰਘ ਨਿਜ਼ਰ**
**ਸ. ਰਾਜਮੋਹਿੰਦਰ ਸਿੰਘ ਮਜੀਠਾ**

**ਸੰਪਾਦਕ : ਡਾ. ਜਸਬੀਰ ਸਿੰਘ ਸਾਬਰ** 9888460180
**ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ.** 8872042060

**ਸਲਾਹਕਾਰ :**
ਸ੍ਰ.ਅਮਰਜੀਤ ਸਿੰਘ ਵਿਕਰਾਂਤ, ਸ੍ਰ.ਜਗਜੀਤ ਸਿੰਘ, ਸ੍ਰ.ਸੰਤੋਖ ਸਿੰਘ ਸੇਠੀ,
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ,
ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com


## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

### ਸੂਚਨਾ

ਕਿੱਥੇ ਗਈ ਹਮਿੱਯਤ ਹਿੰਮਤ ਨੂੰ ਹੋ ਗਿਆ ਕੀ?
ਵਹਦਤ-ਪਰਸਤ ਤੇਰੇ ਕਿੱਥੇ ਲੁਕੇ ਅਕਾਲੀ?
ਕਮਜ਼ੋਰ ਹੋ ਰਹੀ ਹੈਂ, ਪੀਲਾ ਪਿਆ ਹੈ ਚਿਹਰਾ,
ਕਿਸ ਮਾਂਦਗੀ ਨੇ ਮਾਰੀ? ਆਈ ਕਿਹੀ ਬਿਹਾਲੀ,
ਤੂੰ ਹੋ ਕੇ ਬੇਟਿਕਾਣਾ ਦਰ ਦਰ ਦੀ ਹੋ ਰਹੀ ਹੈਂ
ਬਚੜੇ ਤੇਰੇ ਨੇ ਰੁਲਦੇ ਅਜ ਟੱਡਦੇ ਹਥਾਲੀ।
ਤੂੰ ਬੇਖੁਦੀ ਦੀ ਕੈਦਣ, ਤੂੰ ਸੁਸਤ ਬੇਖ਼ਬਰ ਤੂੰ,
ਜਿਤਨੇ ਨੇ ਐਬ ਜਗ ਦੇ ਕਿਸ ਤੋਂ ਰਹੀ ਤੂੰ ਖਾਲੀ?
ਸੰਸਾਰ ਨੂੰ ਜਗਾਕੇ ਤੂੰ ਆਪ ਸੌਂ ਗਈ ਕਿਉਂ?
ਕਿਆ ਸਤਿਗੁਰਾਂ ਸੀ ਤੈਨੂੰ ਏਹੋ ਅਕਲ ਸਿਖਾਲੀ?
ਕਿਸ ਖ਼ਾਬ ਵਿਚ ਪਈ ਤੂੰ? ਉਤੋਂ ਦੁਪਹਿਰ ਆਈ,
ਉਠ ਜਾਗ ਮਾਰ ਝਾਤੀ, ਸਭ ਉੱਡ ਗਈ ਧੁੰਦਾਲੀ।



# ਭਾਈ ਵੀਰ ਸਿੰਘ ਜੀ ਦੀ ਕਲਮ ਤੋਂ ਵਿਸ਼ੇਸ਼ ਲੇਖ ....
# ਖ਼ਾਲਸਾ ਹੋਣ ਦਾ ਵਿਸ਼ਵਾਸ



ਅਪ੍ਰੈਲ ਮਹੀਨੇ ਵਿਚ ਹਰ ਸਾਲ ਵਿਸਾਖੀ ਆਉਂਦੀ ਹੈ ਤੇ ਇਹ ਉਹ ਹੀ ਦਿਨ ਹੈ ਜਦ ਬਿਜਲੀ ਦੀਆਂ ਅੱਖਾਂ ਨੂੰ ਚੁੰਧਿਆਉਣ ਵਾਲੀ ਚਮਕਦੀ ਤਲਵਾਰ ਹੱਥ ਵਿਚ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੀ ਪਰਖ ਕਰਨ ਲਈ ਸੀਸ ਭੇਟ ਕਰਨ ਦੀ ਮੰਗ ਕੀਤੀ ਸੀ। ਇਹ ਮਜ਼ਹਬਾਂ ਦੇ ਇਤਿਹਾਸ ਵਿਚ ਪਹਿਲਾ ਦਿਨ ਸੀ, ਜਦ ਕਿਸੇ ਮਤ ਦੇ ਆਗੂ ਨੇ ਕਿਸੇ ਲਾਲਚ ਦੀ ਕਸਵੱਟੀ ਨਾਲ ਨਹੀਂ ਸਗੋਂ ਤਲਵਾਰ ਦੀ ਧਾਰ ਦੀ ਪਰਖ ਨਾਲ ਸਚਿਆਰਾਂ ਨੂੰ ਨਖੇੜਨ ਦੀ ਕਰੜੀ ਅਜ਼ਮਾਇਸ਼ ਕੀਤੀ ਹੋਵੇ। ਗੁਰੂ ਦੇ ਹੁਕਮ ਵਿਚ ਆਪਾ ਵਾਰਨ ਵਾਲੇ ਸਿੱਖ ਤਲਵਾਰ ਚੁੰਮਣ ਲਈ ਉੱਠੇ ਤੇ ਬੜੀ ਮਿਠੀ ਸੁਰ ਵਿਚ ਇਹ ਗਾਵੇਂ ਜੋ ਉਨ੍ਹਾਂ ਦੇ ਮਸਤਕ ਤੋਂ ਦੀਪਤ ਹੋ ਰਿਹਾ ਸੀ:-

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।।

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ।।

ਇਹ ਖਾਲਸੇ ਦਾ ਜਨਮ ਸੀ। ਇਸ ਤੋਂ ਅਗੇ ਇਤਿਹਾਸ ਪੜ੍ਹੋ, ਖਾਲਸੇ ਨੇ ਜਨਮ ਲੈ ਕੇ ਆਪਣੇ ਆਪ ਨੂੰ ਸੋਧਿਆ, ਰਾਜਯੋਗੀ ਬਣ ਗਿਆ। ਆਪਾ ਸਾਈਂ ਰੱਬ ਨਾਲ ਜੋੜ ਲਿਆ ਤੇ ਸੁੱਚਾ ਉੱਚਾ ਤੇ ਜੁੜਿਆ (ਜ਼ੋਗੀ) ਹੋ ਕੇ ਇਸਨੇ ਦੀਨਾਂ ਦੇ ਸੰਕਟ ਕਟੇ, ਅਨਾਥਾਂ ਦੇ ਸਿਰ ਤੇ ਹੱਥ ਰਖਿਆ, ਜ਼ਾਲਮਾਂ ਦੀ ਸੋਧ ਲਈ ਤਤੇ ਰਣਾਂ ਵਿਚ ਉਤਰਿਆ ਤੇ ਸੰਸਾਰ ਦੇ ਇਤਿਹਾਸ ਵਿਚ ਕਰਾਮਾਤੀ ਤਬਦੀਲੀ ਕਰ ਵਿਖਾਈ। ਹੇ ਖਾਲਸਾ ਅਜ ਤੇਰੀ ਵਰ੍ਹੇ ਗੰਢ ਹੈ ਤੇ ਤੂੰ ਘੂਕ ਸੁੱਤਾ ਪਿਆ ਹੈ? ਉਠ! ਉਠ!! ਉਠ!!

ਖਾਲਸਾ! ਉਠ ਜਾਗ! ਅੱਖੀਆਂ ਖੋਲ੍ਹ ਤੇ ਵੇਖੋ ਅੱਜ ਤੈਨੂੰ ਚਾਰੇ ਪਾਸਿਆਂ ਤੋਂ ਉਜਾੜੇ ਦੇ ਦੂਤਾਂ ਨੇ ਘੇਰ ਰਖਿਆ ਹੈ ਅਤੇ ਫੁੱਟ ਦੇ ਹਰਕਾਰਿਆਂ ਨੇ ਤੇਰੇ ਘਰ ਵਿਚ ਖੋਰੂ ਪਾ ਦਿੱਤਾ ਹੈ। ਸਵਾਰਥ ਤੇ ਮੈਨੂੰ ਕੀ ਦੇ ਭੂਤਾਂ ਨੇ ਤੇਰਾ ਜੀਵਨ ਨਦੀ ਕਿਨਾਰੇ ਰੁਖੜਾ ਬਣਾ ਦਿੱਤਾ ਹੈ। ਉਠ! ਉਠ!! ਆਪਦੀ ਸ਼ਾਨ ਵਿਚ ਉਠ! ਚੜ੍ਹਦੀਆਂ ਕਲਾਂ ਵਿਚ ਉਠ, ਖਾਲਸੇਈ ਔਜ਼ ਤੇ ਖਾਲਸੇਈ ਮੌਜ਼ ਵਿਚ ਉਠ, ਆਪਣੀ ਹਾਲਤ ਵਲ ਵੇਖ। ਸੁਤਿਆਂ ਸੁਤਿਆਂ ਤੂੰ ਆਪਣਾ ਸਰੂਪ ਭੁਲ ਰਿਹਾ ਹੈਂ, ਆਪਣਾ ਬਲ ਵਿਸਾਰ ਦਿੰਤਾ ਈ, ਬਜ਼ੁਰਗਾਂ ਦੀ ਕੀਰਤੀ ਤੋਂ ਅਨਜਾਣ ਹੋ ਬੈਠਾ ਹੈਂ। ਇਸ ਨੀਂਦਰ ਨੇ ਤੈਨੂੰ ਕੱਖੋਂ ਹੌਲਾ ਕਰ ਦਿੱਤਾ ਹੈ। ਤੇਰਾ ਰਾਜ ਗਿਆ, ਭਾਗ ਗਿਆ, ਐਸੁਵਰਜਯ ਗਿਆ, ਪ੍ਰਤਾਪ ਗਿਆ, ਇੰਨਾ ਕੁਛ ਗਿਆ ਕਿ ਹੁਣ ਤੇਰੀ ਹੋਂਦ ਦੇ ਲਾਲੇ ਪੈ ਰਹੇ ਹਨ, ਤੇ ਹੁਣ ਕੀੜੀਆਂ ਵੀ ਤੇਰੀ ਅਣਖ ਨੂੰ ਵੰਗਾਰ ਰਹੀਆਂ ਹਨ, ਮੱਛਰ ਤੇ ਮਖੀਆਂ ਵੀ ਤੇਰੀ ਗੈਰਤ ਨੂੰ ਲਲਕਾਰ ਰਹੀਆਂ ਹਨ।

ਦੂਲਿਆ! ਤੂੰ ਉਹੋ ਹੀ ਹੈਂ ਜਿਸਦੇ ਇਕ ਇਕ ਫਰਦ ਨੇ ਬਨਾਰਸ ਦੇ ਬਾਜ਼ਾਰਾਂ, ਸੰਗਲਾ ਦੀਪ ਦੇ ਰਾਜ ਦਰਬਾਰਾਂ ਤੇ ਕਸ਼ਮੀਰ ਦੀਆ ਪੰਡਿਤਾਂ ਦਾਇਰਿਆਂ ਵਿਚ ਸਿੱਖੀ ਦੀ ਭਗਤੀ ਅਤੇ ਜੋਗ ਤੇ ਫਲਸਫੇ ਦੀ ਧਾਂਕ ਬਿਠਾਈ ਸੀ! ਤੂੰ ਉਹੋ ਹੀ ਹੈਂ ਜਿਸਦੇ ਸ੍ਰੇਸ਼ਟਾਚਾਰ ਦੀ ਉਗਾਹੀ ਫਾਰਸੀ ਵਿਚ ਲਿਖਣ ਵਾਲੇ ਮੁਵਰਖ ਦਿੰਦੇ ਹਨ, ਤੂੰ ਉਹੀ ਹੈਂ, ਜਿਸ ਦੇ ਨੌਜਵਾਨਾਂ ਦੀਆ ਘੋੜਿਆਂ ਦੀਆ ਵਾਗਾ ਮੋੜਨ ਵਾਲਾ ਇਸ ਭੂਮੰਡਲ ਵਿਚ ਕੋਈ ਨਹੀਂ ਸੀ ਦੀਂਹਦਾ ਤੂੰ ਉਹੋ ਹੀ ਹੈਂ ਜਿਸਦੀ ਨੀਤਗਯਤਾ ਤੇ ਬੀਰਤਾ ਦਾ ਹਾਲ ਸੁਣ ਈਰਾਨ ਵਿਚ ਬੈਠੇ ਪਾਤਸ਼ਾਹਾਂ ਦੇ ਦਿਲਾਂ ਨੂੰ ਹੌਲ ਪੈਂਦਾ ਸੀ। ਰੂਸ ਤੇ ਰੂਮ ਦੇ ਹਰਕਾਰੇ ਤੇਰੇ ਇਕ ਅੱਖ ਵਾਲੇ ਮਹਾਰਾਜੇ ਦੇ ਦਰਬਾਰ ਵਿਚ ਆਉਂਦੇ ਸੇ। ਅਜ ਤੈਨੂੰ ਕੀ ਹੋ ਗਿਆ ਹੈ? ਤੇਰੇ ਚੇਹਰੇ ਦੀ ਉਹ ਰੰਗਤ ਹੀ ਨਹੀਂ ਰਹੀ, ਤੇਰਾ ਉਹ ਜਲਾਲ ਨਜ਼ਰੀਂ ਨਹੀਂ ਪੈਂਦਾ, ਤੇਰੇ ਲਛਣ ਹੀ ਹੋਰ ਦੇ ਹੋਰ ਹੋ ਗਏ ਹਨ। ਉਠ, ਉਠ, ਹੁਣ ਤਾਂ ਪਾਣੀ ਸਿਰੋਂ ਲੰਘ ਚਲਿਆ ਈ।

ਤੂੰ ਬੜੇ ਬੜੇ ਕਸ਼ਟਾਂ ਦੇ ਦਿਨ ਦੇਖੇ ਹਨ, ਅਨੇਕਾਂ ਵਾਰੀ ਖੂਨੀ ਹੋਲੀ ਖੇਡੀ ਹੈ, ਵੈਰੀਆਂ ਦੀਆ ਆਸਾਂ ਤੇ ਉਮੈਦਾਂ ਨਾਲੋਂ ਵਧ ਚੜ੍ਹਕੇ ਸੀਸ ਕਟਵਾਏ ਹਨ, ਪਰ ਤੈਨੂੰ ਅਜਿਹਾ ਉਦਾਸ ਤੇ ਨਿਰਾਸ਼ ਕਦੇ ਨਹੀਂ ਡਿੱਠਾ ਸੀ, ਜਿਹਾ ਕਿ ਅਜ ਦਿਸ ਰਿਹਾ ਹੈਂ। ਤੂੰ ਅਜਿਹਾ ਦਿਲ ਕਦੇ ਨਹੀਂ ਛਡਿਆ ਸੀ, ਜਿਹਾ ਕਿ ਹੁਣ ਛਡੀ ਬੈਠਾ ਹੈਂ। ਉਠ ਜਾਗ, ਆਪਣੇ ਸਰੂਪ ਦਾ ਚਿੰਤਨ ਕਰ, ਆਪਣੇ ਬਲਕਾਰ ਨੂੰ ਧਾਰ, ਆਪਣੇ ਵਡਿਆਂ ਦੇ ਕਾਰਨਾਮੇ ਯਾਦ ਕਰ ਤੇ ਮੈਦਾਨ ਵਿਚ ਆ।

ਸੁਖੀ ਹੋਣ ਦੇ ਚਾਹਵਾਨ ਦਿਲ ਵਾਲੇ ਉਠ, ਆਪਣੇ ਸਿਰ ਵਿਚ ਉਹੋ ਹੀ ਮਸਤੀ ਲਿਆ, ਜਿਸ ਦੇ ਨਾਲ ਕਿ ਤੂੰ ਹਿੰਦ ਨੂੰ ਹੋਸ਼ ਵਿਚ ਲਿਆ ਦਿੱਤਾ ਸੀ। ਆਪ ਉਤਸ਼ਾਹ ਵਿਚ ਆ ਤੇ ਦੂਜਿਆ ਦੇ ਦਿਲ ਵਿਚ ਵੀ ਧੜਕਣ ਲਾ, ਆਪਣੇ ਨਾਅਰੇ ਦੀ ਗਰਮੀ ਨਾਲ ਸੰਸਾਰ ਨੂੰ ਜਿਵਾ ਦੇਹ ਤੇ ਆਪਣੇ ਦਿਲ ਦੇ ਜ਼ੋਸ਼ ਨਾਲ ਸਮੁੰਦਰਾਂ ਵਿਚ ਉਬਾਲ ਲਿਆ ਦੇ।

ਤੂੰ ਦੂਜਿਆਂ ਦੇ ਹਥਾਂ ਵਲ ਕਿਉਂ ਵੇਖ ਰਿਹਾ ਹੈ? ਦੁਨੀਆਂ ਵਿਚ ਕੌਣ ਕਿਸ ਦੀ ਸੁਣਦਾ ਹੈ? ਆਲਸ, ਸੁਸਤੀ ਤੇ ਨੀਂਦਰ ਵਿਚ ਸਭ ਕੁਝ ਗਵਾਕੇ ਵੀ ਤੈਨੂੰ ਜ਼ਮਾਨੇ ਦੀ ਬਦਲੀ ਹੋਈ ਰੰਗਤ ਨਹੀਂ ਦੀਹਦੀ, ਆਪਣੀ ਹਿੰਮਤ ਤੇ ਬਲਕਾਰ ਤੋਂ ਵੀ ਕੁਛ ਕੰਮ ਲੈ, ਤੂੰ ਕਦ ਤਕ ਇੰਜ ਗਾਫ਼ਲ ਬਣਕੇ ਪਿਆ ਰਹੇਂਗਾ, ਤੇਰੀ ਤਬਾਹੀ ਵਿਚ ਹੁਣ ਕੋਈ ਕਸਰ ਬਾਕੀ ਨਹੀਂ ਰਹੀ।





ਉਠ!ਉਠ!! ਹੁਣ ਕੌਮ ਦੀ ਆਨ ਤੇ ਸ਼ਾਨ ਇਸ ਗਲ ਦੀ ਮੰਗ ਕਰਦੀ ਹੈ ਕਿ ਮੁਸੀਬਤਾਂ ਝਲ, ਕਸ਼ਟ ਉਠਾ, ਪਰ ਸਿੱਖੀ ਦੀ ਆਨ ਨੂੰ ਬਚਾ ਲੈ।

ਖਾਲਸਾ ਅਜ ਤੇਰੀ ਵਰ੍ਹੇ ਗੰਢ ਹੈ, ਜਾਗ, ਉਠ ਤੇ ਆਪਣੇ ਕੌਮੀ ਗੁਣਾਂ ਨੂੰ ਸੰਭਾਲ।

ਉਠ! ਨਾਮ ਬਾਣੀ ਭਜਨ ਤੇ ਬੰਦਗੀ ਵਿਚ ਲਗਕੇ ਜਨਮ ਜਿਤ ਲੈ।

ਉਠ!ਵੇਖ ਸੰਸਾਰ ਦੁਖੀ ਹੋ ਤੜਪ ਰਿਹਾ ਹੈ, ਜੀਅ ਦਾਨ ਦੇਣ ਲਈ ਤਤਪਰ ਹੋ।

ਉਠ! ਮਜ਼ਬ ਵਲੋਂ ਗਿਲਾਨੀ ਹੋ ਕੇ ਨਾਸਤਕਤਾ ਦੀ ਲਹਿਰ ਵਿਚ ਰੁੜ੍ਹਦੀ ਦੁਨੀਆਂ ਨੂੰ ਸਰਬ ਸੁਖਦਾਈ ਤੇ ਸੰਕਟ ਹਰਨ ਖਾਲਸਾ ਧਰਮ ਵਿਚ ਲਿਆਉਣ ਲਈ ਕਮਰਕੱਸੇ ਕਰ।

ਉਠ!ਉਠ!! ਤੇਰਾ ਜੀਵਨ ਸੰਸਾਰ ਦੇ ਜੀਵਾਂ ਦੇ ਸੁਖ ਲਈ ਸੀ, ਜਥੇਬੰਦ ਹੋ ਕੇ ਜੀਵਾਂ ਨੂੰ ਸੁਖ ਦੇਣ ਲਈ ਸੇਵਾ ਵਿਚ ਲਗ ਜਾ। ਤੈਨੂੰ ਸਤਿਗੁਰੂ ਨੇ ਪ੍ਰੇਮ ਦਾ ਹਰਕਾਰਾ ਬਣਾਇਆ ਹੈ। ਸਾਰੇ ਪ੍ਰੇਮ ਦਾ ਪਰਚਾਰ ਕਰਦੇ।

ਵੇਦ ਅਨੁਯਾਈਆ ਦੀ ਦਸ਼ਾ ਵਿਗੜੀ, ਬ੍ਰਾਹਮਣੀ ਮਤ ਦਾ ਸ਼ੀਰਾਜ਼ਾ ਟੁਟਾ, ਜੈਨੀ ਖੇਰੂੰ ਖੇਰੂੰ ਹੋ ਗਏ ਤੇ ਉਹ ਬੁਧਿਸਟ ਜਿਨ੍ਹਾਂ ਦੀ ਦਿਗਵਿਜੇ ਦਾ ਨਾਦ ਕੰਨਿਆ ਕੁਮਾਰੀ ਤੋਂ ਲੈ ਕੇ ਕੰਧਾਰ ਦੀਆਂ ਕੰਧਾਂ ਤਕ ਸੁਣਾਈ ਦੇਂਦਾ ਸੀ, ਇਕ ਨਿਕੇ ਜਿਹੇ ਝਟਕੇ ਨਾਲ ਹੀ ਹਿੰਦ ਵਿਚੋਂ ਅਜਿਹੇ ਮਿਟ ਗਏ ਕਿ ਉਨ੍ਹਾਂ ਦਾ ਨਾਮ-ਲੇਵਾ ਤਕ ਇਥੇ ਕੋਈ ਨਾ ਰਿਹਾ। ਪਰ ਸਿੱਖਾਂ ਤੇ ਜ਼ੁਲਮ ਦੀਆਂ ਹਨੇਰੀਆਂ ਚਲੀਆਂ, ਝੱਖੜ ਆਏ, ਤੁਫ਼ਾਨ ਉਠੇ, ਬੱਦਲ ਗੱਜੇ, ਬਿਜਲੀਆਂ ਕੜਕੀਆਂ, ਕਹਿਰ ਦੇ ਗੜੇ ਪਏ, ਦਿਕਤਾਂ ਆਈਆ, ਦੁਖਾਂ ਦੇ ਕੜ ਟੁਟੇ ਤੇ ਕਲੇਸ਼ਾਂ ਦੇ ਪਹਾੜ ਢੱਠੇ, ਸੀਨੇ ਬਸੀਨੇ ਆਈਆਂ ਰਵਾਇਤਾਂ ਤੇ ਇਤਿਹਾਸ ਵਿਚ ਲਿਖੀਆਂ ਹਕਾਇਤਾਂ ਇਕ ਜ਼ੁਬਾਨ ਹੋ ਦਸਦੀਆਂ ਹਨ ਕਿ ਕੁਠਾਲੀ ਪਏ ਸੋਨੇ ਵਾਂਗ ਇਨ੍ਹਾਂ ਔਕਤਾਂ ਵਿਚੋਂ ਖਾਲਸਾ ਆਪਣੀ ਪਹਿਲੀ ਸ਼ਾਨ ਨਾਲ ਨਿਕਲਿਆ ਤੇ ਅਹਿੱਲ ਤੇ ਸਲਾਮਤੀ ਦੀ ਚਟਾਨ ਤੇ ਖੜੋਤਾ ਦਿਸਿਆ।

ਉਹ ਇਕ ਗਲ ਜਿਸ ਨੇ ਸਿੱਖਾਂ ਨੂੰ ਇਨ੍ਹਾਂ ਕਹਿਰਾਂ ਦੀਆਂ ਕਰੜਾਈਆਂ ਵਿਚੋਂ ਸਹੀ ਸਲਾਮਤ ਕਢਿਆ, ਉਹ ਸੀ ਖਾਲਸੇ ਨੂੰ ਵਾਹਿਗੁਰੂ ਜੀ ਕਾ ਖਾਲਸਾ ਹੋਣ ਦਾ ਦ੍ਰਿੜ ਨਿਸ਼ਚਾ।

ਇਤਿਹਾਸ ਸਾਖੀ ਹੈ ਕਿ ਖਾਲਸੇ ਨੂੰ ਵਾਹਿਗੁਰੂ ਦਾ ਖਾਲਸਾ ਹੋਦ ਤੇ ਇੰਨਾਂ ਦ੍ਰਿੜ ਵਿਸ਼ਵਾਸ਼ ਸੀ ਕਿ ਤਤੇ ਰਣਾਂ ਵਿਚ ਤੇ ਠੰਢੇ ਘਰਾਂ ਵਿਚ ਖਾਲਸੇ ਨੇ ਇਸ ਮੰਤ੍ਰ ਨੂੰ ਅਜਿਹਾ ਘੋਖਿਆ ਕਿ ਘੋੜਿਆਂ ਦੀਆਂ ਟਾਪਾਂ ਦੀ ਖੜਕਾਰ, ਤਲਵਾਰ ਦੀ ਛਣਕਾਰ, ਤੋਪਾਂ ਦੇ ਗੋਲਿਆਂ ਦੀ ਠਣਕਾਰ ਤੇ ਘਰਾਂ ਵਿਚ ਬਾਲਾਂ ਬੱਚਿਆਂ ਦਾ ਪਿਆਰ ਉਨ੍ਹਾਂ ਦੀਆਂ ਬਿਰਤੀਆ ਨੂੰ ਨਾ ਤੋੜ ਸਕਿਆ। ਖਾਲਸਾ ਵਾਹਿਗੁਰੂ ਦੇ ਵਾਸਤੇ। ਖਾਲਸੇ ਵਿਚ ਮੈਂ ਮੇਰੀ ਨਹੀਂ ਰਹੀ ਸੀ, ਹੰਕਾਰ ਨਹੀਂ ਸੀ। ਜਦ ਖਾਲਸਾ ਵਾਹਿਗੁਰੂ ਦਾ ਹੋ ਗਿਆ ਤਦ ਵਾਹਿਗੁਰੂ ਦਿਆਂ ਨਾਲ ਹੀ ਉਹਦਾ ਪਿਆਰ ਤੇ ਵਾਹਿਗੁਰੂ ਦਿਆਂ ਨਾਲ ਹੀ ਉਹਦਾ ਵਿਹਾਰ ਸੀ। ਇਨ੍ਹਾਂ ਦਾ ਆਸ਼ਾ ਇਕ, ਇਸ਼ਟ ਇਕ, ਉਪਾਸ਼ਨਾ ਇਕ, ਖਾਣ ਇਕ, ਪਹਿਨਣ ਇਕ, ਰਹਿਤ ਇਕ, ਬਹਿਤ ਇਕ, ਸੁਖ ਇਕ ਤੇ ਦੁਖ ਇਕ ਸੀ। ਇਸ ਏਕਤਾ ਵਾਲੇ ਲਗਾਓ ਨੇ ਇਨ੍ਹਾਂ ਦੀ ਆਪੋ ਵਿਚ ਵੀ ਆਰਗੇਨਾਈਜੇਸ਼ਨ (ਜਥੇਬੰਦੀ) ਤੇ ਇਨ੍ਹਾਂ ਦੇ ਮੇਲ ਨੂੰ ਅਜਿਹਾ ਪੱਕਾ ਕਰ ਦਿਖਾਇਆ ਕਿ ਉਨ੍ਹਾਂ ਨੂੰ ਸੰਸਾਰ ਦੀ ਕੋਈ ਤਾਕਤ ਅੱਡ ਨਾ ਕਰ ਸਕੀ। ਪੰਥ ਦੀ ਭਲਿਆਈ ਦੇ ਸਾਂਝੇ ਕੰਮਾਂ ਤੇ ਕੌਮੀ ਬਿਹਤ੍ਰੀ ਦੇ ਮਾਮਲਿਆਂ ਵਿਚ ਸਿੱਖਾਂ ਨੂੰ ਸਦਾ ਇਕ ਰਖਯਾ, ਕੌਮ ਦੀ ਹਾਨੀ ਹੁੰਦੀ ਵੇਖਕੇ ਸਾਰੇ ਛਾਤੀਆਂ ਤਾਣ ਇਕ ਦੂਜੇ ਤੋਂ ਅਗੇ ਵਧਕੇ ਕੁਰਬਾਨੀ ਲਈ ਖੜੇ ਹੋਏ ਦਿਸਦੇ ਰਹੇ ਤੇ ਦੁਸ਼ਮਨ ਲਈ ਸਦੇ ਸਿਕੰਦਰੀ ਸਾਬਤ ਹੋਏ।

ਅਜ ਪੰਥ ਵਿਚੋਂ ਵਾਹਿਗੁਰੂ ਜੀ ਕਾ ਖਾਲਸਾ ਪਦ ਦੇ ਅਰਥ ਤੇ ਭਾਵ ਸਮਝਣ ਤੇ ਸਮਝਾਉਣ ਦੀ ਡਾਢੀ ਲੋੜ ਹੈ ਤੇ ਪੰਥ ਦੀ ਭਲਿਆਈ ਤੇ ਸਾਡੀ ਕਲਿਆਨ ਇਸ ਪਦ ਦੇ ਭਾਵ ਨੂੰ ਸਮਝਕੇ ਇਸ ਤੇ ਦ੍ਰਿੜ੍ਹਤਾ ਨਾਲ ਖੜੇ ਹੋਣ ਵਿਚ ਹੈ। ਇਹ ਸੂਤਰ ਹੀ ਖਾਲਸੇ ਦੇ ਜਨਮ ਦਿਨ ਦਾ ਅਨਮੋਲ ਤੋਹਫਾ ਹੈ।

# ਖ਼ਾਲਸਾ ਸਿਰਜਨਾ :ਮੂਲ ਉਦੇਸ਼

**ਡਾ.ਜਸਬੀਰ ਸਿੰਘ ਸਾਬਰ***



ਦਸਮ ਗੁਰੂ ਜੀ ਦਾੋ ਖਾਲਸਾ ਸਿਰਜਨਾ’ ਦਾ ਮੂਲ ਉਦੇਸ਼ ਅਜਿਹੇ ਮਨੁਖ ਦੀ ਸਿਰਜਨਾ ਕਰਨਾ ਸੀ ਜੋ ਪੂਰਨ ਮਨੁੱਖ ਹੋਵੇ। ਇਹੋ ਪੂਰਨ ਮਨੁੱਖ ਖਾਲਸੇ ਦੇ ਰੂਪ ਵਿਚ, ਪਰਮਾਤਮਾ ਦਾ ਹੀ ਖਾਸ ਰੂਪ ਬਣਿਆ। ਖਾਲਸਾ ਮੇਰੋ ਰੂਪ ਹੈ ਖਾਸ, ਨਿਰਸੰਦੇਹ, ਨਿਆਰਾ ਤਾਂ ਹੋ ਸਕਦਾ ਹੈ, ਨਿਵੇਕਲਾ ਵੀ ਹੋ ਸਕਦਾ ਪਰ ਕਿਸੇ ਨੂੰ ਨਫ਼ਰਤ ਨਹੀਂ ਕਰ ਸਕਦਾ। ਏਸੇ ਲਈ ਤਾਂ ਦਸਮ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਉਨ੍ਹਾਂ ਦਾ ਜਿਥੇ ਨਾਮਕਰਨ ਸਿੰਘ ਪੱਦ ਨਾਲ ਕੀਤਾ ਉਥੇ ਉਨ੍ਹਾਂ ਸਾਰਿਆਂ ਨੂੰ ਭਾਈ ਦੀ ਉਪਾਧੀ ਵੀ ਦਿੱਤੀ ਭਾਈ ਦਾ ਸ਼ਾਬਦਿਕ ਅਰਥ ਹੁੰਦਾ ਹੈ ਭਰਾ ਅਥਵਾ ਨਗਰਵੀਕਗ। ਇਸ ਦਾ ਸਪੱਸ਼ਟ ਮੰਤਵ ਹੈ ਕਿ ਉਹ ਆਪਸ ਵਿਚ ਸਕੇ ਭਰਾਵਾਂ ਵਾਂਗ ਮੇਲ ਮਿਲਾਪ ਰੱਖਣ, ਭਰਾਵਾਂ ਵਾਂਗ ਇਕ ਦੂਜੇ ਦੇ ਸਹਾਈ ਹੋਣ ਅਤੇ ਭਰਾਵਾਂ ਵਾਂਗ ਹੀ ਇਕ ਦੂਜੇ ਦੀ ਬਾਂਹ ਬਣਨ।

ਵਿਸ਼ੇਸ਼ਤਾ ਇਹ ਹੈ ਕਿ ਖਾਲਸਾ ਸਿਰਜਨਾ ਸਮੇਂ ਇਹ ਪੰਜ ਪਿਆਰੇ ਵੱਖ-ਵੱਖ ਪ੍ਰਾਂਤਾਂ, ਵੱਖ-ਵੱਖ ਕਿਤਿਆਂ ਅਤੇ ਵੱਖ-ਵੱਖ ਜਾਤਾਂ ਦੇ ਸਨ। ਏਥੋਂ ਤਕ ਕਿ ਇਨ੍ਹਾਂ ਵਿਚੋਂ ਚਾਰ ਦਾ ਸੰਬੰਧ ਤਾਂ ਦਲਿਤ-ਪਰਿਵਾਰਾਂ ਨਾਲ ਸੀ। ਸਿੱਖ ਧਰਮ ਵਿਚ ਮਾਨਵ-ਜੀਵਨ ਦੇ ਤਿੰਨ ਮੁੱਖ ਨਿਯਮ ਨਿਰਧਾਰਤ ਕੀਤੇ ਹੋਏ ਹਨ। ਸਭ ਤੋਂ ਪਹਿਲਾਂ ਹੈ ਨਾਮ ਜਪਣਾ, ਦੂਜਾ ਹੈ ਭਾਣਾ ਮੰਨਣਾ ਅਤੇ ਤੀਜਾ ਹੈ ਜੀਵਨ-ਸੋਚ ਨੂੰ ਸਹਿਜ ਅਵਸਥਾ ਵਿਚ ਰਖਣਾ। ਇਹ ਤਿੰਨੇ ਨਿਯਮ ਇਕ ਦੂਜੇ ਦੇ ਪੂਰਕ ਹਨ। ਮਸਲਨ ਨਾਮ ਸਿਮਰਨ ਦੇ ਸੰਦਰਭ ਵਿਚ ਪ੍ਰਭੂ ਨੂੰ ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ਆਖਿਆ ਗਿਆ ਹੈ। ਏਸੇ ਪ੍ਰਭੂ ਦੀ ਸਮਰਥਾ ਨੂੰ ਮਾਨਵ-ਸੋਚ ਦੀ ਪਕੜ ਤੋਂ ਬਾਹਰ ਅਸੀਮ ਸ਼ਕਤੀ ਵਾਲੀ ਮੰਨਦਿਆਂ ਦਸਮ ਗੁਰੂ ਜੀ ਨੇ ਜਾਪੁ ਸਾਹਿਬ ਵਿਚ ਇਕ ਪਾਸੇ ਨਮੋ ਸਰਬ ਧਰਮ ਆਖਕੇ ਨਾਲ ਹੀ ਨਮਸਤੰ ਅਧਰਮੇ ਆਖਿਆ ਹੈ। ਏਸੇ ਤਰ੍ਹਾਂ ਨਮਸਤੰ ਅਮਜਬੇ, ਨਮੋ ਅਸ਼ਾਂਤ ਰੂਪੇ, ਨਮੋ ਕਲਹ ਕਰਤਾ ਆਦਿ ਵੀ ਆਖਿਆ ਹੈ। ਪਰਮਾਤਮਾ ਦੇ ਇਹ ਗੁਣਵਾਚਕ ਕਿਰਤਮ ਨਾਮ, ਉਸ ਅਕਾਲ ਪੁਰਖ ਪ੍ਰਤੀ ਕੋਈ ਤ੍ਰਿਸਕਾਰ ਦੀ ਭਾਵਨਾ ਪ੍ਰਗਟ ਕਰਨ ਵਾਲੇ ਨਹੀਂ ਹਨ, ਸਗੋਂ ਇਸ ਜੁਗਤ ਦਾ ਅਸਲ ਮੰਤਵ ਪਰਮਾਤਮਾ ਦੇ ਸਰੂਪ ਨੂੰ ਅਗਮ, ਅਗੋਚਰ ਅਤੇ ਅਕਥ ਦਰਸਾਉਣਾ ਹੈ ਕਿਉਂਕਿ ਉਸ ਅਥਾਹ ਸ਼ਕਤੀ ਵਾਲੇ ਪਰਮਾਤਮਾ ਦੀ ਥਾਹ ਪਾ ਸਕਣੀ ਮਾਨਵ-ਬੁੱਧ ਦੇ ਵਸ ਦੀ ਗਲ ਨਹੀਂ

ਭੂਤਪੂਰਵ ਪ੍ਰੋਫੈਸਰ ਗੁਰੂ ਨਾਨਕ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।ਸੁਣਿ ਵਡਾ ਆਖੈ ਸਭੁ ਕੋਇ, ਕੇਵਡ ਵਡਾ ਡੀਠਾ ਹੋਇ।। ਅਥਵਾ

ਸਭ ਕੀ ਮਤਿ ਮਿਲਿ ਕੀਮਤਿ ਪਾਈ।। ਗਿਆਨੀ ਧਿਆਨੀ ਗੁਰ ਗੁਰ ਹਾਈ।।
ਕਹਣ ਨਾ ਜਾਈ ਤੇਰੀ ਤਿਲੁ ਵਡਿਆਈ।।

ਦਰਅਸਲ ਦਸ਼ਮੇਸ਼ ਗੁਰੂ ਜੀ ਆਪਣੀ ਇਸ ਰਚਨਾ ਰਾਹੀ ਪਰਮਾਤਮਾ ਦੇ ਸਰੂਪ ਦਾ ਕੁੱਝ ਅਖੌਤੀ ਪੁਜਾਰੀਆਂ ਵਲੋਂ ਵਪਾਰੀਕਰਨ ਵਾਲੀ ਉਸ ਮਿੱਥ ਨੂੰ ਤੋੜਦੇ ਹਨ ਜਿਸ ਰਾਹੀਂ ਉਹ ਆਪੋ ਆਪਣੇ ਫਿਰਕੇ ਦੀ ਸਰਬੋਤਮਤਾ ਦ੍ਰਿੜ ਕਰਾਉਣ ਲਈ ਨਾਨਾ ਪ੍ਰਕਾਰ ਦੇ ਫੋਕਟ ਕਰਮ ਕਰਦੇ ਸਨ। ਕਿਉਂਕਿ ਉਨ੍ਹਾਂ ਵਪਾਰੀਆਂ ਦੀ ਇਹ ਰੁਚੀ ਮਾਨਵਤਾ ਨੂੰ ਕਈ ਫਿਰਕਿਆਂ ਵਿਚ ਵੰਡ ਕੇ ਇਕ ਦੂਜੇ ਪ੍ਰਤੀ ਨਫ਼ਰਤ ਪੈਦਾ ਕਰਦੀ ਸੀ। ਆਪਸੀ ਪ੍ਰੇਮ ਅਥਵਾ ਭਰਾਤਰੀ ਭਾਵ ਦਾ ਤਾਂ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬ੍ਰਾਹਮਣ ਮਉਲਾਣੇ ਵਾਲੀ ਦਸ਼ਾ ਦਾ ਹਰ ਪਾਸੇ ਬੋਲਬਾਲਾ ਸੀ। ਨਫ਼ਰਤ ਦੀ ਜੁਆਲਾ ਪ੍ਰਚੰਡ ਸੀ ਅਤੇ ਪਿਆਰ ਮੁਹਬਤ ਗਾਇਬ ਸੀ। ਪਰ ਸਿੱਖ ਧਰਮ ਨੇ ਆਪਣੇ ਆਪ ਨੂੰ ਇਸ ਦਾਵਾਨਲ ਤੋਂ ਪੂਰੀ ਤਰ੍ਹਾਂ ਬਚਾ ਕੇ ਰਖਿਆ। ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ਦੀ ਇਹ ਜੀਵਨ ਜੁਗਤ ਹੀ ਇਕ ਸਾਦਕ ਸਿੱਖ ਨੂੰ ਪਰਉਪਕਾਰੀ ਭਾਵਨਾ ਵਾਲਾ, ਸਾਰਿਆਂ ਦਾ ਮਿਤ, ਸਖਾ, ਬੰਧਪ ਅਤੇ ਸਾਜਨ ਬਣਾਉਂਦੀ ਹੈ। ਪੰਚਮ ਗੁਰੂ ਸਾਹਿਬ ਜੀ ਦੇ ਰੱਬੀ ਬੋਲਾਂ ਅਨੁਸਾਰ

ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ।।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।।

ਮਿਤ੍ਰਤਾ ਅਤੇ ਅਪਣਤ ਦੀ ਭਾਵਨਾ ਵਾਲੀ ਇਹ ਜੁਗਤ, ਹਰੇਕ ਸਿੱਖ ਨੂੰ, ਹਰੇਕ ਮਨੁੱਖ ਵਿਚ ਵੱਸਦੀ ਉਸ ਚੰਗਿਆਈ ਉਤੇ ਵਿਸ਼ਵਾਸ ਕਰਨ ਵੱਲ ਲੈ ਆਉਂਦੀ ਹੈ ਜੋ ਸਭ ਮਹਿ ਰਵਿ ਰਹਿਆ ਪ੍ਰਭੂ ਏਕੋ ਹੈ। ਏਸ ਬੁਨਿਆਦੀ ਸੱਚ ਕਾਰਨ ਹੀ ਦਸਮ ਗੁਰੂ ਜੀ ਦਾ ਸਾਜਿਆ ਖ਼ਾਲਸਾ ਸਭ ਨਾਲ ਸਾਂਝ ਪਾਉਣ ਲਈ ਸਦਾ ਤਤਪਰ ਰਹਿੰਦਾ ਹੈ।

ਆਮ ਤੌਰ ਤੇ ਇਹੋ ਸਮਝਿਆ ਜਾਂਦਾ ਹੈ ਕਿ ਹੱਥਾਂ ਬਾਝ ਕਰਾਰਿਆਂ ਵੈਰੀ ਮਿਤ ਨਾ ਹੋਇ। ਪਰ ਇਕ ਗੱਲ ਚੇਤੇ ਰਖਣ ਦੀ ਲੋੜ ਹੈ ਕਿ ਬੁਰਾਈ ਦਾ ਟਾਕਰਾ ਬੁਰਾਈ ਨਾਲ ਕਰਨ ਉਤੇ ਬਦਲੇ ਦੀ ਭਾਵਨਾ ਹੋਰ ਪ੍ਰਚੰਡ ਹੋ ਜਾਂਦੀ ਹੈ। ਏਹੋ ਕਾਰਨ ਹੈ ਕਿ ਅੱਜ ਸਾਡੇ ਪੇਂਡੂ ਸਮਾਜ ਵਿਚ ਖਾਨਦਾਨੀ ਦੁਸ਼ਮਣੀ ਕਾਰਨ ਬਦਲੇ ਦੀ ਭਾਵਨਾ ਨਾਲ ਬਹੁਤੇ ਪਰਿਵਾਰ ਅਣਿਆਈ ਮੌਤੇ ਮਾਰ ਦਿੱਤੇ ਜਾਂਦੇ ਹਨ। ਸਚੀ ਗੱਲ ਇਹੋ ਹੈ ਕਿ ਪਿਆਰ ਭਰੇ ਮਿਠੜੇ ਬੋਲ ਹੀ ਦਿਲਾਂ ਵਿਚ ਮਚਦੇ ਭਾਂਬੜ ਠਾਰ ਸਕਦੇ ਹਨ।



ਕੀ ਇਹ ਹੈਰਾਨੀਜਨਕ ਚਮਤਕਾਰੀ ਤੱਥ ਨਹੀਂ ਕਿ ਦਸਮ ਗੁਰੂ ਜੀ ਨੇ ਭਾਈ ਘਨਈਆ ਜੀ ਨੂੰ ਝਿੜਕਣ ਦੀ ਥਾਂ, ਜ਼ਖਮੀ ਸਿਪਾਹੀਆਂ ਦੇ ਜ਼ਖ਼ਮ ਠੀਕ ਕਰਨ ਲਈ ਮਰਹਮ ਦੀ ਡੱਬੀ ਦਿੱਤੀ ਅਤੇ ਦੁਸ਼ਮਣ ਦੇ ਸਿਪਾਹੀਆਂ ਨੂੰ ਪਾਣੀ ਪਿਆਉਣ ਕਾਰਨ ਸ਼ਾਬਾਸ਼? ਏਥੇ ਹੀ ਬਸ ਨਹੀਂ ਦਸਮ ਗੁਰੂ ਜੀ ਨੇ ਸੰਸਕ੍ਰਿਤ ਭਾਸ਼ਾ ਸਿੱਖਣ ਲਈ ਆਪਣੇ ਸਿੰਘ ਬਨਾਰਸ ਭੇਜੇ ਹਾਲਾਂਕਿ ਸੰਸਕ੍ਰਿਤ ਉਨ੍ਹਾਂ ਦੀ ਭਾਸ਼ਾ ਨਹੀਂ ਸੀ।

ਦਰਅਸਲ ਦਸਮ ਗੁਰੂ ਜੀ ਨੇ ਚੌਦਾ ਵਿਚੋਂ ਇਕ ਵੀ ਜੰਗ, ਐਸੀ ਨਹੀਂ ਲੜੀ ਜੋ ਨਿਜਲਾਭ ਜਾਂ ਨਿਜਵਾਦ ਲਈ ਹੋਵੇ ਜਾਂ ਜਿਸਦਾ ਆਧਾਰ, ਜ਼ਰ, ਜ਼ੋਰੂ, ਜ਼ਮੀਨ ਹੋਵੇ। ਬਲਕਿ ਉਨ੍ਹਾਂ ਦੇ ਹਰ ਤੀਰ ਨਾਲ ਇਕ ਤੋਲਾ ਸੋਨਾ ਜੜਿਆ ਹੁੰਦਾ ਸੀ ਤਾਂ ਜੋ ਉਨ੍ਹਾਂ ਦੇ ਤੀਰ ਦਾ ਨਿਸ਼ਾਨਾ ਬਣ ਕੇ ਮਰਨ ਵਾਲੇ ਦੇ ਪਿਛੇ ਰਹੇ ਬਾਲ ਬੱਚੇ ਨੂੰ ਆਰਥਿਕ ਸਹਾਇਤਾ ਵਜੋਂ ਕੁੱਝ ਰਾਹਤ ਮਿਲ ਜਾਵੇ ਜਾਂ ਫਿਰ ਉਸ ਦੇ ਕਫ਼ਨ ਦਫ਼ਨ ਆਦਿ ਦਾ ਪ੍ਰਬੰਧ ਹੋ ਸਕੇ। ਏਥੇ ਹੀ ਬਸ ਨਹੀਂ ਕੀਤੀ ਸਗੋਂ ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ ਦੀ ਭਾਵਨਾ ਉਤੇ ਪੂਰੀ ਤਰ੍ਹਾਂ ਅਮਲ ਕੀਤਾ।

ਦਸਮੇਸ਼ ਗੁਰੂ ਜੀ ਦੇ ਦਰਬਾਰ ਅਤੇ ਫੌਜ਼ ਵਿਚ ਸਿੱਖਾਂ ਤੋਂ ਇਲਾਵਾ ਹਿੰਦੂ ਤੇ ਮੁਸਲਮਾਨ ਵੀ ਸ਼ਾਮਲ ਸਨ। ਆਪਸੀ ਪ੍ਰੇਮ ਦੀ ਪਾਲਨਾ ਏਥੋਂ ਤਕ ਕੀਤੀ ਜਾਂਦੀ ਸੀ ਕਿ ਕਿਸੇ ਵੀ ਵਿਅਕਤੀ ਦਾ ਸਿੱਖ ਧਰਮ ਵਿਚ ਪ੍ਰਵੇਸ਼ ਇਸਲਾਮ ਵਾਂਗ ਤਲਵਾਰ ਨਾਲ ਨਹੀਂ ਸਗੋਂ ਪਿਆਰ ਨਾਲ ਹੀ ਕੀਤਾ ਜਾਂਦਾ ਸੀ। ਏਥੋਂ ਤਕ ਕਿ ਜੰਗ ਜਿਤਣ ਤੋਂ ਬਾਅਦ ਦੂਜੇ ਫ਼ਿਰਕੇ ਦੀਆਂ ਔਰਤਾਂ ਨੂੰ ਪੂਰੇ ਮਾਣ ਸਤਿਕਾਰ ਨਾਲ ਉਨ੍ਹਾਂ ਦੇ ਆਪਣੇ ਟਿਕਾਣਿਆਂ ਤੇ ਪੁਚਾ ਦਿੱਤਾ ਜਾਂਦਾ ਸੀ। ਇਸ ਤੱਥ ਦੀ ਪੁਸ਼ਟੀ ਅਹਿਮਦ ਸ਼ਾਹ ਅਬਦਾਲੀ ਦੇ ਸਿਪਾਹ ਸਲਾਰ ਕਾਜ਼ੀ ਨੂਰ ਮੁਹੰਮਦ ਨੇ ਆਪਣੀ ਪੁਸਤਕ ਜੰਗ ਨਾਮਾ ਵਿਚ ਵੀ ਕੀਤੀ ਹੈ ਜਿਥੇ ਉਹ ਸਿੱਖ-ਆਚਰਣ ਦੀ ਭਰਪੂਰ ਸ਼ਲਾਘਾ ਕਰਦਾ ਹੈ।

ਸਿੱਖਾਂ ਵਿਚ ਇਹ ਭਾਵਨਾ, ਦਸਮ ਗੁਰੂ ਜੀ ਤੋਂ ਬਾਅਦ ਅਠਾਰਵੀਂ ਸਦੀ ਦੇ ਸਿੱਖਾਂ ਵਿਚ ਵੀ ਨਿਰੰਤਰ ਜਾਰੀ ਰਹਿੰਦੀ ਹੈ। ਏਥੋਂ ਤੱਕ ਕਿ 1971 ਦੀ ਬੰਗਲਾ ਦੇਸ਼ ਦੀ ਲੜਾਈ ਸਮੇਂ ਸਿੱਖ ਫੌਜੀਆਂ ਨੇ ਆਪਣੀਆਂ ਪਗੜੀਆਂ ਪਾੜ-ਪਾੜ ਕੇ ਔਰਤਾਂ ਦੇ ਨੰਗੇਜ਼ ਢਕੇ ਸਨ।

ਦਸਮੇਸ਼ ਗੁਰੂ ਜੀ ਨੇ ਧਰਮ ਚਲਾਵਨ, ਸੰਤ ਉਬਾਰਨ ਦੀ ਭਾਵਨਾ ਅਧੀਨ ਜੰਗ ਜੁਧ ਲੜੇ ਵੀ ਤੇ ਜਿੱਤੇ ਵੀ ਪਰ ਕਿਸੇ ਦੀ ਇਜ਼ਤ ਆਬਰੂ ਨੂੰ ਆਂਚ ਨਹੀਂ ਆਉਣ ਦਿੱਤੀ। ਉਨ੍ਹਾਂ ਨੇ ਖਾਲਸੇ ਦੇ ਰੂਪ ਵਿਚ ਸਾਜੇ ਪੂਰਨ ਮਨੁੱਖ ਨੂੰ ਸ਼ਸਤਰਧਾਰੀ ਬਣਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਸਿੱਖ ਧਰਮ ਕੇਵਲ ਸ਼ਾਸ਼ਤਰਧਾਰੀ ਸੀ। ਖਾਲਸਾ ਸਿਰਜਨਾ ਦੀ ਪ੍ਰਕ੍ਰਿਆ ਅਧੀਨ ਸਿੱਖ ਧਰਮ ਵਿਚ ਸਾਸ਼ਤਰ ਤੇ ਸ਼ਸ਼ਤਰ ਇਕ ਹੋ ਜਾਂਦੇ ਹਨ। ਸ਼ਾਸ਼ਤਰ ਦੀ ਪੂਜਾ ਦੇ ਨਾਲ ਨਾਲ ਸ਼ਸ਼ਤਰ ਦੀ ਪੂਜਾ ਵੀ ਇਕਸਾਰ ਹੋਣ ਕਾਰਨ ਹੀ ਸਿੱਖ ਦਾ ਰੂਪ ਸੰਤ-ਸਿਪਾਹੀ ਵਾਲਾ ਬਣ ਗਿਆ। ਪਰ ਸੰਤ-ਸਿਪਾਹੀ ਦਾ ਇਹ ਰੂਪ ਵੀ ਆਪਸੀ ਪ੍ਰੇਮ ਦੇ ਸਿਧਾਂਤ ਨੂੰ ਅਪਨਾਈ ਰੱਖਦਾ ਹੈ। ਕਿਉਂਕਿ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ਦੀ ਭਾਵਨਾ ਏਸ ਤਰੀਕੇ ਨਾਲ ਹੀ ਕਾਇਮ ਰਹਿੰਦੀ ਹੈ।

ਅੱਜ ਮਾਨਵ-ਸੰਸਾਰ ਭੁਖ ਮਰੀ, ਗਰੀਬੀ, ਅਨਪੜਤਾ ਆਦਿ ਵਰਗੀਆ ਸਮਸਿਆਵਾਂ ਨੇ ਘੇਰਿਆ ਹੋਇਆ ਹੈ। ਇਨ੍ਹਾਂ ਸਮਸਿਆਵਾਂ ਦੇ ਸਮਾਧਾਨ ਕਰਨ ਦੀਆ ਯੋਜਨਾਵਾਂ ਬਨਾਉਣ ਦੀ ਥਾਂ ਮਾਰੂ ਐਟਮੀ ਹਥਿਆਰ ਅਤੇ ਪ੍ਰਮਾਣੂੰ ਧਮਾਕਿਆਂ ਉਤੇ ਅਰਬਾਂ-ਖਰਬਾਂ ਦੀ ਪੂੰਜੀ ਬਰਬਾਦ ਕੀਤੀ ਜਾ ਰਹੀ ਹੈ। ਧਰਮ ਦੇ ਪਾਵਨ ਕਾਰਜਾਂ ਅਧੀਨ ਮਨੁੱਖ ਨੂੰ ਮਨੁੱਖ ਨਾਲ ਜੋੜਨ ਦੀ ਥਾਂ ਕੱਟੜਤਾ ਦੀ ਰੁਚੀ ਅਧੀਨ ਤੋੜਨ ਦੇ ਕਾਰਜ ਵਧੇਰੇ ਹੋ ਰਹੇ ਹਨ। ਸੈਕੂਲਰਇਜ਼ਮ ਦੇ ਅਰਥ ਮਨਮਰਜ਼ੀ ਵਾਲੇ ਕਰਦਿਆਂ ਧਰਮ-ਕਰਮ ਅਧੀਨ ਸਥਾਪਤ ਕੀਤੀਆਂ ਜਾ ਸਕਣ ਵਾਲੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਣਗੋਲਿਆਂ ਕੀਤਾ ਜਾ ਰਿਹਾ ਹੈ।

ਖਾਲਸਾ ਸਿਰਜਨਾ ਰਾਹੀ ਦਸਮ ਗੁਰੂ ਜੀ ਨੇ ਮਾਨਵ ਸਮਾਜ ਨੂੰ ਇਕ ਸੂਤਰ ਵਿਚ ਪਰੋ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਖਾਲਸੇ ਨੂੰ ਜੋ ਜੀਵਨ-ਸ਼ੈਲੀ ਦਿਤੀ ਸੀ ਉਹ ਪ੍ਰੇਮ-ਭਾਵਨਾ ਨਾਲ ਸ਼ਰਸ਼ਾਰ ਸੀ। ਪਰ ਅਜੋਕੇ ਸਮੇਂ ਦੇ ਖਾਲਸੇ ਵਿਚ ਇਹ ਭਾਵਨਾ ਮਨਫ਼ੀ ਹੋ ਗਈ ਲਗਦੀ ਹੈ। ਲੋੜ ਹੈ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਦੇ ਮੂਲ ਉਦੇਸ਼ ਨੂੰ ਮਾਨਵ-ਜੀਵਨ ਸ਼ੈਲੀ ਦਾ ਅੰਗ ਬਣਾਕੇ ਸਮੁਚੇ ਮਾਨਵ-ਸਮਾਜ ਦੇ ਕਲਿਆਣ ਦਾ ਮਾਰਗ ਅਪਨਾਇਆ ਜਾਵੇ। ਅਜਿਹਾ ਕਰਨ ਨਾਲ ਹੀ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ਦੀ ਭਾਵਨਾ ਅਧੀਨ ਦਸਮ ਪਿਤਾ ਗੁਰੁ ਗੋਬਿੰਦ ਸਿੰਘ ਜੀ ਦੇ ਖਾਲਸਾ ਸਿਰਜਨਾ ਵਾਲੇ ਉਦੇਸ਼ ਦੀ ਪੂਰਤੀ ਕੀਤੀ ਜਾ ਸਕਦੀ ਹੈ।



ਭੂਤਪੂਰਵ ਪ੍ਰੋਫੈਸਰ ਗੁਰੂ ਨਾਨਕ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

## ਦਸ਼ਮੇਸ਼ ਗੁਰੂ ਜੀ ਵਲੋਂ ਖ਼ਾਲਸਾ ਧਰਮ ਦੇ ਨਿਰਧਾਰਤ ਬੁਨਿਆਦੀ ਅਸੂਲ

ਜੋ ਵੀ ਖ਼ਾਲਸਾ ਧਰਮ ਵਿਚ ਪ੍ਰਵੇਸ਼ ਕਰੇਗਾ ਤੇ ਖ਼ਾਲਸਾ ਧਰਮ ਦਾ ਧਾਰਨੀ ਹੋਵੇਗਾ, ਉਹ ਇਸ ਪ੍ਰਕਾਰ ਪੰਜਾਂ ਸਿੰਘਾਂ ਦੇ ਪੇਸ਼ ਹੋ ਕੇ ਨਿਰਧਾਰਤ ਮਰਯਾਦਾ ਅਨੁਸਾਰ ਪਾਹੁਲ ਛਕੇਗਾ।

1. ਜੋ ਵੀ ਪਾਹੁਲ ਲਵੇਗਾ, ਉਸ ਦੇ ਨਾਂ ਨਾਲ ਸਿੰਘ ਕੌਰ ਦਾ ਸ਼ਬਦ ਲਾਉਣਾ ਜ਼ਰੂਰੀ ਹੋਵੇਗਾ।
2. ਜਿਥੇ ਪੰਜ ਸਿੰਘ ਇਕੱਤਰ ਹੋਣਗੇ, ਖ਼ਾਲਸਾ ਧਰਮ ਸੰਪੂਰਨ ਹੋਵੇਗਾ ਤੇ ਪੰਜਾਂ ਵਿਚ ਪਰਮੇਸ਼ਰ ਤੇ ਪੰਜ ਹੀ ਪਾਹੁਲ ਵਾਸਤੇ ਗੁਰੂ ਰੂਪ ਹੋਣਗੇ ਉਹ ਕੌਣ ਹੋਣਗੇ, ਉਨ੍ਹਾਂ ਵਿਚ ਵੀ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੋਵੇਗਾ। ਇਸ ਵਿਧੀ ਅਨੁਸਾਰ ਉਸੇ ਸਮੇਂ ਗੁਰੂ ਜੀ ਨੇ ਵੀ ਉਨ੍ਹਾਂ ਪੰਜਾਂ ਸਿੱਖਾਂ ਪਾਸੋਂ ਪਾਹੁਲ ਲਈ ਤੇ ਆਪਣਾ ਨਾਂ ਗੋਬਿੰਦ ਰਾਏ, ਜਿਸ ਨਾਲ ਉਹ ਹੁਣ ਤਕ ਸੱਦੇ ਜਾਂਦੇ ਸਨ, ਤਬਦੀਲ ਕਰ ਕੇ ਗੋਬਿੰਦ ਸਿੰਘ ਰੱਖਿਆ।

3) ਜੋ ਖ਼ਾਲਸਾ ਧਰਮ ਵਿਚ ਪ੍ਰਵੇਸ਼ ਕਰੇਗਾ, ਉਹ ਸਿੰਘ ਅਖਵਾਏਗਾ ਤੇ ਉਹ ਆਪਣੇ ਸਿਰ ਤੇ ਕੇਸ ਧਾਰਨ ਕਰੇਗਾ। ਇਕ ਪ੍ਰਕਾਰ ਦਾ ਲੋਹੇ ਦਾ ਹਥਿਆਰ ਕਿਰਪਾਨ ਆਪਣੇ ਪਾਸ ਜ਼ਰੂਰ ਰੱਖੇਗਾ, ਕਛਹਿਰਾ ਪਾਏਗਾ, ਕੰਘਾ ਤੇ ਕੜਾ ਸਜਾਏਗਾ। ਉਸ ਸਮੇਂ ਤੋਂ ਹੀ ਸਿੰਘ ਇਨ੍ਹਾਂ ਪੰਜਾਂ ਨਿਸ਼ਾਨਾਂ ਦੇ ਧਾਰਨੀ ਹਨ, ਜਿਨ੍ਹਾਂ ਨੂੰ ਪੰਜ ਕੱਕੇ ਕਿਹਾ ਜਾਂਦਾ ਹੈ।

4) ਸਭ ਸਿੱਖਾਂ ਦੀ ਇਕ ਜ਼ਾਤ ਹੋਵੇਗੀ, ਛੋਟੇ ਵੱਡੇ ਸਾਰੇ ਭਰਾ ਹੋਣਗੇ। ਪਹਿਲੀ ਜ਼ਾਤ ਪਾਤ ਤੇ ਵਰਣ ਨਾਸ਼ ਸਮਝੇ ਜਾਣਗੇ। ਹਰ ਸਿੰਘ ਦੀ ਪਿਛਲੀ ਜ਼ਾਤ ਖ਼ਾਲਸਾ ਧਰਮ ਵਿਚ ਦਾਖ਼ਲ ਹੁੰਦਿਆਂ ਹੀ ਮਿਟ ਜਾਏਗੀ ਸਿੰਘ ਸਜ਼ ਕੇ ਚਾਰੋਂ ਵਰਣ ਇਕ ਭਾਂਡੇ ਵਿਚੋਂ ਹੀ ਖਾਣਗੇ।

5) ਸਾਰੇ ਸਿੰਘ ਕਿਰਤ-ਨਾਸ਼, ਕੁਲ ਨਾਸ਼, ਧਰਮ-ਨਾਸ਼ ਤੇ ਕਰਮ-ਨਾਸ਼ ਹੋਣਗੇ, ਭਾਵ ਇਹ ਕਿ ਉਹ ਆਪਦੇ ਪਿਛੋਕੜ ਤੋਂ ਹਰ ਪ੍ਰਕਾਰ ਮੁਕਤ ਹੋ ਕੇ ਨਵੇਂ ਧਰਮ ਵਿਚ ਪ੍ਰਵੇਸ਼ ਕਰਨਗੇ।

6) ਸਿੰਘ ਆਪਣੀ ਭਾਵਨਾ ਲੋਹੇ ਨਾਲ ਜੋੜਨਗੇ ਤੇ ਉਸ ਨੂੰ ਹੀ ਸਾਰੀਆਂ ਰਿਧੀਆਂ ਸਿਧੀਆ ਦਾ ਦਾਤਾ ਸਵੀਕਾਰ ਕਰਨਗੇ। ਸ਼ਸਤਰ ਧਾਰਨ ਕਰਨਾ, ਸ਼ਸਤਰ ਚਲਾਣਾ ਤੇ ਯੁੱਧ ਕਰਨਾ ਸਿੰਘਾਂ ਦਾ ਪਰਮ ਧਰਮ ਹੋਵੇਗਾ।

7) ਜੋ ਵੀ ਸਿੰਘ ਯੁੱਧ ਵਿਚ ਸ਼ਹੀਦ ਹੋਵੇਗਾ, ਯੁੱਧ ਵਿਚ ਆਪਣਾ ਯੋਗਦਾਨ ਪਾਵੇਗਾ, ਦੁਸ਼ਟਾਂ ਦਾ ਨਾਸ਼ ਕਰੇਗਾ ਤੇ ਲਤਾੜੇ ਜਾਣ ਤੋਂ ਵੀ ਢਹਿੰਦੀ ਕਲਾ ਦੀ ਥਾਂ ਚੜ੍ਹਦੀ ਕਲਾ ਵਿਚ ਰਹੇਗਾ, ਉਹ ਮਹਾਨ ਪਦਵੀ ਪ੍ਰਾਪਤ ਕਰੇਗਾ।

8) ਸਿੰਘ ਕਦੇ ਵੀ ਜੰਞੂ ਨਹੀਂ ਪਾਵੇਗਾ।

9) ਸਿੰਘਾਂ ਨੂੰ ਮੁਕਤੀ ਕੇਵਲ ਖ਼ਾਲਸਾ ਧਰਮ ਵਿਚੋਂ ਹੀ ਪ੍ਰਾਪਤ ਹੋਵੇਗੀ।

10) ਸਿੰਘ ਹਿੰਦੂ ਜਾਤੀ ਦੀਆ ਕੁੱਲ ਰਸਮਾਂ ਦਾ ਤਿਆਗ ਕਰਨ, ਪਰ ਉਨ੍ਹਾਂ ਦੇ ਤੀਰਥਾਂ ਤੇ ਪਵਿੱਤਰ ਭਾਵਨਾ ਤੇ ਵਿਚਾਰਧਾਰਾ ਦੇ ਸਤਿਕਾਰ ਦਾ ਖ਼ਿਆਲ ਕਰਨਗੇ। ਉਨ੍ਹਾਂ ਦੇ ਲਿਤਾੜੇ ਜਾ ਰਹੇ ਧਰਮ ਤੇ ਦੇਸ਼ ਦੀ ਰੱਖਿਆ ਸਿੰਘਾਂ ਦਾ ਫ਼ਰਜ਼ ਹੋਵੇਗਾ।

11) ਤੁਰਕਾਂ (ਦੁਸ਼ਟਾਂ) ਦਾ ਨਾਸ਼ ਕਰਨਾ ਸਿੰਘਾਂ ਦਾ ਕਰਤੱਵ ਹੋਵੇਗਾ।

12) ਸਿੰਘ ਪਰਮਾਤਮਾ ਦੀ ਪੂਜਾ ਸੱਚਾਈ ਤੇ ਸ਼ੁਭ ਅਮਲਾਂ ਰਾਹੀਂ ਕਰਨਗੇ। ਕੇਵਲ ਇਕ ਓਂਕਾਰ, ਨਿਰੰਕਾਰ ਅਕਾਲ ਦੀ ਪੂਜਾ ਹੀ ਹੋਵੇਗੀ ਤੇ ਕਿਸੇ ਕਿਰਤਮ ਦੀ ਉਪਾਸ਼ਨਾ ਨਹੀਂ ਕੀਤੀ ਜਾਵੇਗੀ।

13) ਸਿੰਘ ਕਿਸੇ ਵੀ ਇਨਸਾਨ ਅੱਗੇ ਆਪਣਾ ਸੀਸ ਨਹੀਂ ਨਿਵਾਉਣਗੇ। ਕਿਸੇ ਕਬਰ ਜਾਂ ਮੜ੍ਹੀ ਨੂੰ ਨਹੀਂ ਪੂਜਣਗੇ ਤੇ ਪੂਜਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੀ ਹੋਵੇਗੀ।

14) ਸਦਾ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਸਵੀਕਾਰ ਕਰਨਗੇ ਤੇ ਉਨ੍ਹਾਂ ਦੇ ਉੱਤਰ-ਅਧਿਕਾਰੀ ਗੁਰੂਆਂ ਦਾ ਸਨਮਾਨ ਤੇ ਉਨ੍ਹਾਂ ਦੇ ਉਪਦੇਸ਼ ਤੇ ਅਮਲ ਕਰਨਗੇ।

15) ਅੰਮ੍ਰਿਤਸਰ ਦੇ ਸਰੋਵਰ ਵਿਚ ਕਦੇ ਕਦੇ ਇਸ਼ਨਾਨ ਕਰਨਗੇ ਜੋ ਕਿ ਸਿੰਘਾਂ ਦਾ ਤੀਰਥ ਹੋਵੇਗਾ।

16) ਸਿੰਘ ਜਦ ਵੀ ਇਕ ਦੂਜੇ ਨੂੰ ਮਿਲਣ ਤਾਂ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਹੀ ਉਨ੍ਹਾਂ ਦਾ ਬੋਲਾ ਹੋਵੇਗਾ।

17) ਤਮਾਕੂ ਦੀ ਵਰਤੋਂ ਬਿਲਕੁਲ ਨਹੀਂ ਕਰਨਗੇ।

18) ਸਿੰਘ ਖ਼ਾਲਸੇ ਵਿਚ ਈਸ਼ਵਰੀ ਸ਼ਕਤੀ ਦਾ ਨਿਵਾਸ ਤੇ ਵਿਸ਼ਵਾਸ ਧਾਰਨ ਕਰਨਗੇ।

(ਦੌਲਤ ਰਾਇ ਭੰਡਾਰੀ ਦੀ ਪੁਸਤਕ ਵਿਚੋਂ ਉਧਰਤ)

## ਭਗਤਾਂ ਵਾਲਾ ਸਕੂਲ ਵਲੋਂ ਸ਼ਹੀਦ ਬਾਬਾ ਫੂਲਾ ਸਿੰਘ ਦੇ ਨਗਰ ਕੀਰਤਨ ਦਾ ਸਵਾਗਤ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੇ ਪੰਜ ਪਿਆਰਿਆਂ ਨੂੰ ਕੀਤਾ ਸਨਮਾਨਿਤ



ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਸਿੰਘ ਸਾਹਿਬ ਅਕਾਲੀ ਫੂਲਾ ਸਿੰਘ ਜੀ ਦੀ 200 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਸ੍ਰੀ ਅਕਾਲ ਤਖਤ ਸਾਹਿਬ ਤੋ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਭਗਤਾਂਵਾਲਾ ਵਿਖੇ ਪਹੁੰਚਣ ਤੇ ਚੀਫ਼ ਖ਼ਾਲਸਾ ਦੀਵਾਨ ਦੇ ਉਪ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਮੈਂਬਰ ਇੰਚਾਰਜ ਸ੍ਰ.ਦਰਸ਼ਨ ਸਿੰਘ ਸੁਲਤਾਨਵਿੰਡ, ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਤੇ ਸਕੂਲ ਸਟਾਫ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਮੀਤ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਮੈਂਬਰ ਇੰਚਾਰਜ ਸ੍ਰ.ਦਰਸ਼ਨ ਸਿੰਘ ਸੁਲਤਾਨਵਿੰਡ ਤੇ ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਨੇ ਪੰਜ ਪਿਆਰਿਆਂ ਸਮੇਤ ਬੁੱਢਾ ਦਲ ਦੇ ਮੁੱਖੀ ਜਕੇਦਾਰ ਬਾਬਾ ਬਲਬੀਰ ਸਿੰਘ ਸਮੇਤ ਹੋਰ ਬਹੁਤ ਸਾਰੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ।

## ਸਿੰਘ ਸਾਹਿਬ ਬਾਬਾ ਫੂਲਾ ਸਿੰਘ ਅਤੇ ਆਹਲੂਵਾਲੀਆ ਦੇ ਆਦਮਕੱਦ ਬੁੱਤ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੇ ਦੋ ਪ੍ਰਮੁੱਖ ਚੌਕਾਂ 'ਚ ਸਥਾਪਤ



ਘਿਓ ਮੰਡੀ ਚੌਂਕ ਅਤੇ ਚੋਕ ਸ਼ੇਰਾਂ ਵਾਲਾ ਵਿਚ ਕ੍ਰਮਵਾਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਛੇਵੇਂ ਮੁੱਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੇ ਤਿਆਰ ਕਰਵਾਏ ਆਦਮ-ਕੱਦ ਬੁੱਤਾਂ ਤੋ ਪਰਦਾ ਹਟਾਉਣ ਦੀ ਰਸਮ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਲ ਦੇ ਮੁੱਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ, ਸਥਾਨਕ ਸਰਕਾਰਾਂ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਬਾਬਾ ਗੱਜਣ ਸਿੰਘ ਮੁੱਖੀ ਤਰਨਾ ਦਲ, ਅਤੇ ਬਾਬਾ ਬਕਾਲਾ ਆਦਿ ਸ਼ਖਸੀਅਤਾਂ ਵਲੋਂ ਜੈਕਾਰਿਆਂ ਦੀ ਗੂੰਜ਼ ਵਿਚ ਅਦਾ ਕੀਤੀ ਗਈ। ਬੁੱਢਾ ਦਲ ਦੇ ਸਕੱਤਰ ਸ੍ਰ.ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਨਿੱਜੀ ਦਿਲਚਸਪੀ ਲੈ ਕੇ ਅਤੇ ਸਥਾਨਕ ਸਰਕਾਰ ਦੇ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਦੇ ਸਹਿਯੋਗ ਨਾਲ ਬੁੱਢਾ ਦਲ ਦੇ ਚੌਥੇ ਮੁੱਖੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸ੍ਰ.ਜੱਸਾ ਸਿੰਘ ਆਹਲੂਵਾਲੀਆ ਦਾ ਘੋੜੇ ਤੇ ਆਦਮਕੱਦ ਬੁੱਤ ਘਿਉ ਮੰਡੀ ਚੌਂਕ ਵਿਚ ਸਥਾਪਤ ਕਰ ਦਿੱਤਾ ਗਿਆ ਹੈ। ਹੁਣ ਇਸ ਚੌਂਕ ਦਾ ਨਾਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਚੌਂਕ ਹੋਵੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਕਾਰਪੋਰੇਸ਼ਨ ਵਲੋਂ ਸਰਬਸੰਮਤੀ ਨਾਲ ਇਨ੍ਹਾਂ ਚੌਂਕਾਂ'ਚ ਬੁੱਤ ਲਗਾਉਣ ਅਤੇ ਨਾਮ ਬਦਲਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸੇ ਤਰ੍ਹਾਂ ਦੂਜਾ ਚੌਂਕ ਸ਼ੇਰਾਂਵਾਲਾ ਵਿਖੇ ਬੁੱਢਾ ਦਲ ਦੇ ਛੇਵੇਂ ਮੁੱਖੀ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਰਹੇ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦਾ ਬੁੱਤ ਲਗਾਇਆ ਗਿਆ ਹੈ। ਉਦਘਾਟਨ ਸਮੇਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਆਦਿ ਮੌਜੂਦ ਸਨ।

## ਅਮੀਰ ਵਿਰਾਸਤ ਨਾਲ ਜੁੜੀਆਂ ਕੌਮਾਂ ਹੀ ਤਰੱਕੀ ਕਰਦੀਆਂ ਹਨ-ਡਾ.ਨਿੱਜਰ ਦੀਵਾਨ ਵੱਲੋਂ ਨਵੇਂ ਸਾਲ ਦੀ ਆਮਦ ਤੇ ਸਰਬੱਤ ਦੇ ਭਲੇ ਲਈ ਅਰਦਾਸ



ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਸੰਮਤ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਨਵੇਂ ਸਾਲ ਦੀ ਆਮਦ ਮੌਕੇ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਉਹਨਾਂ ਗੁਰੂ ਚਰਨਾਂ ਅੱਗੇ ਨਵੇਂ ਵਰ੍ਹੇ ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭੱਲੇ ਦੀ ਅਰਦਾਸ ਕੀਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਨੇ ਖ਼ਾਲਸਾ ਪੰਥ ਦੇ ਨਵੇਂ ਸਾਲ ਦਾ ਸੁਆਗਤ ਕਰਦਿਆਂ ਸਮੂਹ ਮੈਂਬਰ ਸਾਹਿਬਾਨ ਅਤੇ ਸਟਾਫ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਨਵੇਂ ਸਾਲ ਦੀਆਂ ਸੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਅਮੀਰ ਵਿਰਸੇ ਤੇ ਗੁਰੂ ਸਿੱਖਿਆਵਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿਉਂਕਿ ਕਿਸੇ ਵੀ ਕੌਮ ਦੀ ਸ਼ਾਨ ਅਤੇ ਤਰੱਕੀ ਉਸਦੀ ਅਮੀਰ ਵਿਰਾਸਤ ਤੋ ਹੀ ਝਲਕਦੀ ਹੈ। ਉਹਨਾਂ ਸੰਗਤਾਂ ਨੂੰ ਗੁਰਬਾਣੀ ਅਨੁਸਾਰ ਪੰਥ ਦੇ ਨਵੇਂ ਸਾਲ ਦੀ ਆਮਦ ਤੇ ਇਕ ਦੂਸਰੇ ਨੂੰ ਸੁਭਕਾਮਨਾਵਾਂ ਭੇਜ ਕੇ ਖੁਸ਼ੀਆਂ ਸਾਂਝੀਆਂ ਕਰਨ ਲਈ ਪ੍ਰੇਰਿਆ। ਇਸ ਮੋਕੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਅਤੇ ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ ਨੇ ਸਿੱਖ ਕੌਮ ਨੂੰ ਗੁਰੂ ਦੀਆਂ ਸਿੱਖਿਆਵਾਂ ਅਤੇ ਗੁਰਸਿੱਖੀ ਸਿਧਾਂਤ ਅਨੁਸਾਰ ਜੀਵਨ ਢਾਲਣ ਦੀ ਲੋੜ੍ਹ ਤੇ ਜ਼ੋਰ ਦਿੱਤਾ ਅਤੇ ਗੁਰਬਾਣੀ ਅਨੁਸਾਰ ਆਤਮਕ ਅਨੰਦ ਲਈ ਚੇਤ ਮਹੀਨੇ ਦੀ ਮਹੱਤਤਾ ਤੇ ਚਾਨਣਾ ਪਾਇਆ। ਅੰਤ ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੋਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਡੀ:ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਜਸਪਾਲ ਸਿੰਘ (ਰਿਟਾ:) ਪੀ.ਸੀ.ਐਸ, ਪ੍ਰੋ.ਸੂਬਾ ਸਿੰਘ, ਪ੍ਰੋ.ਭੁਪਿੰਦਰ ਸਿੰਘ ਸੇਠੀ, ਸ੍ਰ.ਰਣਦੀਪ ਸਿੰਘ, ਸ੍ਰ.ਕੁਲਦੀਪ ਸਿੰਘ ਕੁਹਾੜਕਾ (ਤਰਨਤਾਰਨ) ਸ੍ਰ.ਪ੍ਰੇਮ ਸਿੰਘ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ.ਚਾਵਲਾ, ਡਾਇਰੈਕਟਰ ਐਜੂਕੇਸ਼ਨ ਡਾ.ਧਰਮਵੀਰ ਸਿੰਘ, ਅੰਡਰ ਸੈਕਟਰੀ ਸ੍ਰ.ਹਰਭਜਨ ਸਿੰਘ ਸਮੇਤ ਚੀਫ਼ ਖ਼ਾਲਸਾ ਦੀਵਾਨ ਦਫ਼ਤਰ ਦਾ ਸਟਾਫ ਅਤੇ ਹੋਰ ਮੈਂਬਰ ਸਾਹਿਬਾਨ ਹਾਜ਼ਰ ਸਨ।

## ਬੈਂਡਮਿੰਟਨ ਹਾਲ ਅਤੇ ਖੇਡ ਮੈਦਾਨਾਂ ਦੀ ਸਥਿਤੀ ਦਾ ਪ੍ਰਧਾਨ ਡਾ.ਨਿੱਜਰ ਨੇ ਕੀਤਾ ਨਿਰੀਖਣ



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਦੀ ਅਗਵਾਈ ਹੇਠ ਦੀਵਾਨ ਪ੍ਰਬੰਧਕਾਂ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ, ਰਣਜੀਤ ਐਵੀਨਿਊ ਵਿਖੇ ਨਵੇਂ ਬਣਾਏ ਜਾ ਰਹੇ ਬੈਡਮਿੰਟਨ ਹਾਲ ਦੀ ਉਸਾਰੀ ਅਤੇ ਹੋਰਨਾਂ ਖੇਡ ਮੈਦਾਨਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਖੇਡ ਮਾਹਿਰਾਂ ਦੇ ਨਾਲ ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵੱਲੋਂ ਰਾਸ਼ਟਰੀ/ਅੰਤਰ ਰਾਸ਼ਟਰੀ ਪੱਧਰ ਦੀਆਂ ਤਕਨੀਕਾਂ ਅਤੇ ਸੁਵਿਧਾਵਾਂ ਨਾਲ ਸੁਸੱਜਿਤ ਬੈਂਡਮਿੰਟਨ ਹਾਲ (ਜਿਸ ਵਿਚ ਚਾਰ ਕੋਰਟ ਬਣਾਏ ਜਾਣਗੇ), ਅਤਿ ਆਧੁਨਿਕ ਬਾਸਕੇਟ ਬਾਲ ਮੈਦਾਨ, ਸਕੇਟਿੰਗ ਰਿੰਕ, ਇਨਡੋਰ ਪਲੇਅ ਗਰਾਊਂਡ ਦੇ ਨਾਲ ਖੇਡਾਂ ਲਈ ਮਲਟੀਪਰਪਜ਼ ਹਾਲ ਬਣਾਉਣ ਲਈ ਵੀ ਵਿਚਾਰ ਵਿਟਾਂਦਰਾ ਕੀਤਾ ਗਿਆ ਤਾਂ ਜੋ ਸਮੂਹ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਮੁੱਢਲੇ ਪੱਧਰ ਤੇ ਹੀ ਕੋਮਾਂਤਰੀ ਅਤੇ ਗਲੋਬਲ ਖੇਡ ਮੁਕਾਬਲਿਆਂ ਲਈ ਤਿਆਰ ਕੀਤਾ ਜਾ ਸਕੇ। ਇਸ ਮੌਕੇ ਪ੍ਰਬੰਧਕਾਂ ਵੱਲੋਂ ਖੇਡ ਮੈਦਾਨਾਂ ਦੇ ਨਾਲ-ਨਾਲ ਚੀਫ਼ ਖ਼ਾਲਸਾ ਦੀਵਾਨ ਦੇ ਅਤਿ ਆਧੁਨਿਕ ਮੁੱਖ ਦਫ਼ਤਰ ਅਤੇ ਦੀਵਾਨ ਦੇ ਵੱਡੇ ਪੱਧਰ ਤੇ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਲਈ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਵੀ ਨਿਰਣਾ ਲਿਆ ਗਿਆ। ਇਸ ਦੌਰਾਨ ਪ੍ਰਧਾਨ ਡਾ.ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਸਾਂਝੇ ਤੌਰ ਤੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖੀ ਅਤੇ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਸਰੀਰਕ ਤੰਦਰੁਸਤੀ ਦਾ ਆਧਾਰ ਖੇਡਾਂ ਦੇ ਵਿਕਾਸ ਲਈ ਵੀ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਹਰ ਵਰ੍ਹੇ ਆਯੋਜਿਤ ਹੋਣ ਵਾਲੇ ਅੰਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਖੇਡ ਟੂਰਨਾਮੈਂਟਸ ਦੋਰਾਨ ਹਰ ਵਿਦਿਆਰਥੀ ਦੀ ਖੇਡਾਂ ਵਿਚ ਸਮੂਲੀਅਤ ਯਕੀਨੀ ਬਣਾਈ ਜਾਂਦੀ ਹੈ। ਉਹਨਾਂ ਨੇ ਕਿਹਾ ਕਿ ਉਪਰਕੋਤ ਉਪਰਾਲਿਆਂ ਰਾਹੀਂ ਬੱਚਿਆਂ ਨੂੰ ਬੁਨਿਆਦੀ ਅਵਸਥਾ ਵਿਚ ਹੀ ਉਚ ਤਕਨੀਕੀ ਖੇਡ ਸੁਵਿਧਾਵਾਂ ਦੇ ਕੇ ਭਵਿੱਖ ਦੇ ਨੈਸ਼ਨਲ/ਇੰਟਰਨੈਸ਼ਨਲ ਖਿਡਾਰੀ ਵਜੋਂ ਤਿਆਰ ਕਰਨਾ ਹੀ ਚੀਫ਼ ਖ਼ਾਲਸਾ ਦੀਵਾਨ ਦਾ ਮਨੋਰਥ ਹੈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਅਮਰਦੀਪ ਸਿੰਘ ਮਰਵਾਹਾ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ, ਸ੍ਰ.ਰਬਿੰਦਰਬੀਰ ਸਿੰਘ ਭੱਲਾ, ਸ੍ਰ.ਨਵਤੇਜ਼ ਸਿੰਘ ਨਾਰੰਗ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ.ਚਾਵਲਾ, ਡਿਪਟੀ ਡਾਇਰੈਕਟਰ ਸਪੋਰਟਸ ਸ੍ਰ.ਕੰਵਰਮਨਦੀਪ ਸਿੰਘ, ਆਰਕੀਟੈਕਟ ਐਮੀ ਅਰੋੜਾ, ਪ੍ਰਿੰਸੀਪਲ ਮੈਡਮ ਰਿਪੁਦਮਨ ਕੌਰ ਅਤੇ ਹੋਰ ਮੈਂਬਰ ਸਾਹਿਬਾਨ ਹਾਜ਼ਰ ਸਨ।

## ਝਬਾਲ ਸਕੂਲ ਦਾ ਸਿਲਵਰ ਜੁਬਲੀ ਤੇ ਸਲਾਨਾ ਇਨਾਮ ਵੰਡ ਸਮਾਗਮ: ਤਸਵੀਰਾਂ ਦੀ ਜ਼ੁਬਾਨੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਕੀਤੇ ਗਏ ਸਕੂਲ ਦੀ ਸਿਲਵਰ ਜੁਬਲੀ ਅਤੇ ਸਲਾਨਾ ਇਨਾਮ ਵੰਡ ਸਮਾਗਮ ਵਿੱਚ ਡਾ.ਇੰਦਰਬੀਰ ਸਿੰਘ ਨਿੱਜਰ (ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਅਤੇ ਕੈਬਨਿਟ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ, ਡਾ.ਕਸ਼ਮੀਰ ਸਿੰਘ ਸੋਹਲ (ਐਮ.ਐਲ.ਏ ਹਲਕਾ ਤਰਨਤਾਰਨ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦੀਆਂ ਪ੍ਰਮੁੱਖ ਝਲਕੀਆਂ ਪੇਸ਼ ਹਨ ਜੀ।





















ਖ਼ਬਰਨਾਮਾ

## ਚੇਅਰਮੈਨ ਬਣਨ ਤੇ ਦੀਵਾਨ ਵਲੋਂ ਸ੍ਰ.ਅਨੇਜਾ ਨੂੰ ਵਧਾਈ



ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ ਦੀਵਾਨ ਮੈਂਬਰ ਸ੍ਰ.ਅਜੀਤਪਾਲ ਸਿੰਘ ਅਰਨੇਜਾ ਨੂੰ ਇੰਸਟੀਚਿਊਟ ਆਫ ਚਾਰਟਰਡ ਅਕਾਂਊਟੈਂਟ ਆਫ ਇੰਡੀਆ ਦੇ ਨਾਰਥਨ ਰੀਜਨ ਆਫ ਇੰਡੀਅਨ ਕੌਂਸਲ, ਅੰਮ੍ਰਿਤਸਰ ਦੇ ਚੇਅਰਮੈਨ ਚੁਣੇ ਜਾਣ ਤੇ ਵਧਾਈ ਦਿੱਤੀ ਗਈ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਸ੍ਰ.ਅਰਨੇਜਾ ਨੂੰ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਸਿਰਪਾਓ ਪਾ ਕੇ ਨਵੇਂ ਵੱਕਾਰੀ ਅਹੁਦੇ ਦੀਆਂ ਸ਼ੁਭਇੱਛਾਵਾਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਸ੍ਰ.ਅਜੀਤਪਾਲ ਸਿੰਘ ਅਰਨੇਜਾ ਨੂੰ ਆਪਣੀ ਕਾਬਲੀਅਤ ਅਤੇ ਮਿਹਨਤ ਸਦਕਾ ਚਾਰਟਰਡ ਅਕਾਂਊਟੈਂਟ ਇੰਸਟੀਚਿਊਟ ਦੇ ਅੰਮ੍ਰਿਤਸਰ ਜਿਲ੍ਹੇ ਦੇ ਚੇਅਰਮੈਨ ਵਜੋਂ ਚੁਣੇ ਜਾਣਾ ਦੀਵਾਨ ਲਈ ਬਹੁਤ ਮਾਨ ਵਾਲੀ ਗੱਲ ਹੈ ਅਤੇ ਨਵੀਨ ਅਗਾਹਵਧੂ ਸੋਚ ਦੇ ਮਾਲਕ ਸ੍ਰ.ਅਰਨੇਜਾ ਜਿਹੀ ਸਖ਼ਸੀਅਤ ਦਾ ਦੀਵਾਨ ਦੇ ਮੈਂਬਰ ਵਜੋਂ ਆਪਣੀਆਂ ਵੱਡਮੁਲੀਆਂ ਸੇਵਾਵਾਂ ਰਾਹੀਂ ਦੀਵਾਨ ਨੂੰ ਆਰਥਿਕ ਪੱਖੋਂ ਮਜਬੂਤ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਹੈ। ਇਸ ਮੌਕੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਗਾ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਜਾਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਅਤੇ ਹਾਜ਼ਰ ਮੈਂਬਰ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ ਵੱਲੋਂ ਵੀ ਸ੍ਰ.ਅਰਨੇਜਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਭਗਤਾਂਵਾਲਾ ਸਕੂਲ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ



ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਭਗਤਾਂਵਾਲਾ, ਵਿਖੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ਼ੈਸ਼ਨ 2021-2022 ਦੇ ਵੱਖ-ਵੱਖ ਜਮਾਤਾਂ ਵਿਚੋਂ ਪਹਿਲੇ, ਦੂਸਰੇ ਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਸਮਾਗਮ ਦਾ ਆਰੰਭ ਸਕੂਲ ਸ਼ਬਦ 'ਦੇਹਿ ਸ਼ਿਵਾ ਬਰ ਮੋਹਿ ਇਹੈ' ਨਾਲ ਕੀਤਾ ਗਿਆ। ਇਸ ਤੋਂ ਬਾਅਦ ਸਕੂਲ ਦੇ ਛੋਟੇ-ਛੋਟੇ ਵਿਦਿਆਰਥੀਆਂ ਨੇ ਸਵਾਗਤੀ ਡਾਂਸ ਦੁਆਰਾ ਆਏ ਹੋਏ ਮਹਿਮਾਨਾ ਨੂੰ ਜੀ ਆਇਆਂ ਆਖਿਆ। ਸਕੂਲ ਦੇ ਨੰਨੇ ਮੁੰਨੇ ਵਿਦਿਆਰਥੀਆਂ ਨੇ ਜ਼ਿੰਦੂਆ ਤੇ ਮੁਲਤਾਨੀ ਡਾਂਸ ਕਰ ਕੇ ਆਏ ਹੋਏ ਮਹਿਮਾਨਾਂ ਦਾ ਮਨ ਮੋਹ ਲਿਆ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਦਰਸ਼ਨ ਸਿੰਘ ਸੁਲਤਾਨਵਿੰਡ ਅਤੇ ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸ੍ਰ. ਮਨਦੀਪ ਸਿੰਘ ਨੇ ਜੀ.ਟੀ.ਰੋਡ ਸਕੂਲ ਵਿਖੇ ਪ੍ਰਿੰਸੀਪਲ ਵਜੋਂ ਸੇਵਾ ਸੰਭਾਲੀ
## ਪ੍ਰਿੰਸੀਪਲ/ਡਾਇਰੈਕਟਰ ਐਜੂਕੇਸ਼ਨ ਡਾ.ਧਰਮਵੀਰ ਸਿੰਘ ਦੀ ਸੇਵਾ ਮੁਕਤੀ





ਵਿਦਿਅਕ ਖੇਤਰ ਵਿਚ ਅਧਿਆਪਨ ਅਤੇ ਉਸਾਰੂ ਪ੍ਰਬੰਧਨ ਦਾ 20 ਸਾਲ ਦਾ ਤਜਰਬਾ ਰੱਖਣ ਵਾਲੇ ਸ੍ਰ.ਮਨਦੀਪ ਸਿੰਘ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲ ਲਿਆ ਹੈ। ਸਭ ਤੋ ਪਹਿਲਾਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਅਰਦਾਸ ਕਰਕੇ ਦੀਵਾਨ ਦੇ ਪ੍ਰਬੰਧਕਾਂ ਵੱਲੋਂ ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਸਿਰੋਪਾਓ ਪਾ ਕੇ ਉਹਨਾਂ ਨੂੰ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਬੰਧਕਾਂ ਵੱਲੋਂ ਸਕੂਲ ਪ੍ਰਿੰਸੀਪਲ ਆਫਿਸ ਵਿਚ ਮੂਲ ਮੰਤਰ ਦਾ ਪਾਠ ਕਰਨ ਉਪਰੰਤ ਸ੍ਰ.ਮਨਦੀਪ ਸਿੰਘ ਨੂੰ ਪ੍ਰਿੰਸੀਪਲ ਦੇ ਅਹੁਦੇ ਤੇ ਬਿਠਾਇਆ ਗਿਆ। ਇਸ ਮੌਕੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਡਾ.ਧਰਮਵੀਰ ਸਿੰਘ ਦੀਆਂ ਦੀਵਾਨ ਅਤੇ ਸਕੂਲ ਪ੍ਰਤੀ ਨਿਭਾਈਆਂ ਗਈਆਂ ਵੱਡਮੁੱਲੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਆਸ ਕੀਤੀ ਕਿ ਸਕੂਲ ਦੇ ਨਵੇਂ ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਡਾ.ਧਰਮਵੀਰ ਸਿੰਘ ਵੱਲੋਂ ਸਕੂਲ ਵਿਕਾਸ ਦੇ ਹਰ ਪੱਖੋਂ ਸਥਾਪਿਤ ਕੀਤੇ ਗਏ ਪੱਧਰ ਨੂੰ ਹੋਰ ਵੀ ਉਚਾ ਲੈ ਕੇ ਜਾਣਗੇ ਅਤੇ ਉਹ ਆਪਣੀ ਸੇਵਾ ਪੂਰੀ ਮਿਹਨਤ ਅਤੇ ਸਮਰਪਣ ਭਾਵ ਨਾਲ ਨਿਭਾਉਦਿਆਂ ਦੀਵਾਨ ਪ੍ਰਬੰਧਕਾਂ, ਸਕੂਲ ਮੈਂਬਰ ਇੰਚਾਰਜਾਂ ਦੀਆਂ ਆਸਾਂ-ਇਛਾਵਾਂ ਤੇ ਖਰੇ ਉਤਰਨਗੇ। ਸਕੂਲ ਆਡੀਟੋਰੀਅਮ ਵਿਖੇ ਦੀਵਾਨ ਪ੍ਰਬੰਧਕਾਂ ਅਤੇ ਸਕੂਲ ਸਟਾਫ ਨਾਲ ਰੂ-ਬ-ਰੂ ਹੁੰਦਿਆਂ ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਨੇ ਖੁਸ਼ੀ ਅਤੇ ਸ਼ੁਕਰਾਨੇ ਦਾ ਪ੍ਰਗਟਾਵਾ ਕੀਤਾ ਅਤੇ ਦੀਵਾਨ ਪ੍ਰਬੰਧਕਾਂ ਦਾ ਉਹਨਾਂ ਨੂੰ ਇਹ ਸੇਵਾ ਸੋਂਪਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸੋਂਪੀ ਗਈ ਇਸ ਸੇਵਾ ਨੂੰ ਪੂਰੀ ਇਮਾਨਦਾਰੀ ਅਤੇ ਤਨ-ਮਨ ਨਾਲ ਨਿਭਾਉਣ ਦਾ ਭਰੋਸਾ ਦਿੱਤਾ।

ਇਸ ਤੋਂ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਪ੍ਰਿੰਸੀਪਲ/ਡਾਇਰੈਕਟਰ ਐਜੂਕੇਸ਼ਨ ਡਾ.ਧਰਮਵੀਰ ਸਿੰਘ ਨੂੰ ਸੇਵਾ ਮੁਕਤ ਕਰਦਿਆਂ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਐਡੀਸਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸਕੂਲ ਮੈਂਬਰ ਇੰਚਾਰਜ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ, ਸਕੂਲ ਮੈਂਬਰ ਇੰਚਾਰਜ ਸ੍ਰ.ਰਬਿੰਦਰਬੀਰ ਸਿੰਘ ਭੱਲਾ, ਡਾਇਰੈਕਟਰ ਓਪਰੇਸ਼ਨ ਡਾ.ਅੰਮ੍ਰਿਤਪਾਲ ਸਿੰਘ ਚਾਵਲਾ ਨੇ ਵਿਦਾਇਗੀ ਸ਼ਬਦਾਂ ਵਿਚ ਡਾ.ਧਰਮਵੀਰ ਸਿੰਘ ਵੱਲੋਂ ਦੀਵਾਨ ਦੇ ਵਿਦਿਅਕ ਅਦਾਰਿਆਂ ਪ੍ਰਤੀ ਨਿਭਾਈਆਂ ਗਈਆਂ ਵੱਡਮੁੱਲੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ ਕਿਹਾ ਕਿ ਦੀਵਾਨ ਮੈਨੇਜਮੈਂਟ ਵੱਲੋਂ ਅਧਿਆਪਕ ਵਜੋਂ ਨਿਯੁਕਤ ਡਾ.ਧਰਮਵੀਰ ਸਿੰਘ ਨੂੰ ਉਹਨਾਂ ਦੇ ਕਾਬਲੀਅਤ ਅਤੇ ਤਜ਼ਰਬੇ ਦੇ ਆਧਾਰ ਤੇ ਪ੍ਰਿੰਸੀਪਲ/ਡਾਇਰੈਕਟਰ ਐਜੂਕੇਸ਼ਨ ਦੇ ਅਹੁਦੇ ਨਾਲ ਨਿਵਾਜਿਆ ਗਿਆ ਅਤੇ ਉਹਨਾਂ ਦੀ ਚੰਗੀ ਕਾਰਗੁਜ਼ਾਰੀ ਲਈ ਉਹਨਾਂ ਦੇ ਸੇਵਾ ਕਾਲ ਵਿਚ ਕਰੀਬ ਤਿੰਨ ਸਾਲ ਦਾ ਵਾਧਾ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਜੀ.ਟੀ.ਰੋਡ ਸਕੂਲ ਵਿਖੇ ਪ੍ਰਿੰਸੀਪਲ ਅਤੇ ਦੀਵਾਨ ਦੇ ਡਾਇਰੈਕਟਰ ਐਜੂਕੇਸ਼ਨ ਵਜੋਂ ਉਹਨਾਂ ਦੇ 26 ਵਰ੍ਹਿਆਂ ਦੇ ਕਾਰਜ-ਕਾਲ ਦੌਰਾਨ ਦੀਵਾਨ ਦੇ ਸਕੂਲਾਂ ਨੇ ਸਿੱਖਿਆ, ਖੇਡਾਂ ਅਤੇ ਹੋਰਨਾਂ ਗਤੀਵਿਧੀਆਂ ਵਿਚ ਰਾਸ਼ਟਰੀ-ਅੰਤਰ ਰਾਸ਼ਟਰੀ ਪੱਧਰ ਤੇ ਮੱਲਾਂ ਮਾਰੀਆਂ ਹਨ ਜਿਸ ਲਈ ਡਾ.ਧਰਮਵੀਰ ਸਿੰਘ ਭਰਪੂਰ ਪ੍ਰਸੰਸਾ ਦੇ ਪਾਤਰ ਹਨ।

ਇਸ ਮੌਕੇ ਡਾ.ਧਰਮਵੀਰ ਸਿੰਘ ਅਤੇ ਉਹਨਾਂ ਦੀ ਪਤਨੀ ਸ੍ਰੀਮਤੀ ਅਮਰਪਾਲੀ ਕੌਰ ਨੂੰ ਵੀ ਦੀਵਾਨ ਵੱਲੋਂ ਸਨਮਾਨਿਤ ਕੀਤਾ ਗਿਆ। ਅੰਤ ਡਾ.ਧਰਮਵੀਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਦੀਵਾਨ ਮੈਨੇਜਮੈਂਟ, ਮੈਂਬਰ ਸਾਹਿਬਾਨ, ਸਕੂਲ ਸਟਾਫ ਵੱਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।

Postal No. L-I/PB-ASR/0220/2022-2024

# ਖ਼ਾਲਸਾ ਸਿਰਜਨਾ ਦੇ ਸਿਰਜਕ ਦਸ਼ਮੇਸ਼ ਪਿਤਾ ਦੇ ਪ੍ਰਮੁੱਖ ਅਸਥਾਨ

ਜਨਮ ਅਸਥਾਨ
ਤੱਖਤ ਸ੍ਰੀ ਪਟਨਾ ਸਾਹਿਬ





ਖ਼ਾਲਸਾ ਸਿਰਜਨਾ
ਤੱਖਤ ਸ੍ਰੀ ਕੇਸਗੜ੍ਹ ਸਾਹਿਬ

ਕਮਰਕਸਾ ਖੋਹਲਣਾ
ਤੱਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ





ਸੱਚ ਖੰਡ ਪਿਆਨਾ:
ਤੱਖਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ

Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-03-2023 ਨੂੰ ਜਾਰੀ ਕੀਤਾ ।